ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ ਅਕਤੂਬਰ 2023

ਪੰਜਾਬ ਭਵਨ ਸਰੀ ਵਿਸ਼ੇਸ਼ ਅੰਕ

ਅੰਕ 34

# ਪਰਵਾਸ







## ਪਰਵਾਸੀ ਸਾਹਿਤ ਅਧਿਐਨ ਕੇਂਦਰ
## ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

parvasggn@gmail.com, 09187290-80250,09195010-27522

# ਪਰਵਾਸੀ ਸਾਹਿਤ ਅਧਿਐਨ ਕੇਂਦਰ





ਪੁਸਤਕ ਲੜੀ-34 ਅਕਤੂਬਰ 2023

# ਪਰਵਾਸ

(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)

**ਮੁੱਖ ਸੰਪਾਦਕ**
**ਡਾ. ਸ. ਪ. ਸਿੰਘ**

**ਮੁੱਖ ਪ੍ਰਬੰਧਕ**

ਪ੍ਰਿੰ. ਡਾ. ਅਰਵਿੰਦਰ ਸਿੰਘ

**ਸੰਪਾਦਕ**

ਡਾ. ਤੇਜਿੰਦਰ ਕੌਰ
ਪ੍ਰੋ. ਸ਼ਰਨਜੀਤ ਕੌਰ

**ਉਪ-ਸੰਪਾਦਕ**

ਡਾ. ਹਰਪ੍ਰੀਤ ਸਿੰਘ ਦੂਆ
ਡਾ. ਗੁਰਪ੍ਰੀਤ ਸਿੰਘ

**ਸਹਿਯੋਗੀ (ਭਾਰਤ)**

ਪ੍ਰੋ. ਗੁਰਭਜਨ ਸਿੰਘ ਗਿੱਲ
+919872631199
ਪ੍ਰੋ. ਮਨਜੀਤ ਸਿੰਘ ਛਾਬੜਾ
+919815100791
ਡਾ. ਵਨੀਤਾ (ਦਿੱਲੀ)
+919811323640
ਡਾ. ਲਖਵਿੰਦਰ ਸਿੰਘ ਜੌਹਲ
+919417194812
ਡਾ. ਧਨਵੰਤ ਕੌਰ
+919417243245
ਡਾ. ਗੁਰਇਕਬਾਲ ਸਿੰਘ
+919815826301
ਡਾ. ਮੁਨੀਸ਼ ਕੁਮਾਰ
+917837901025

**ਸਹਿਯੋਗੀ (ਵਿਦੇਸ਼)**

ਸੁੱਖੀ ਬਾਠ (ਪੰਜਾਬ ਭਵਨ ਕੈਨੇਡਾ)
+16045064426
ਪ੍ਰੋ. ਸਰਬਜੀਤ ਸਿੰਘ (ਕੈਨੇਡਾ)
+16047658417
ਬਲਵਿੰਦਰ ਸਿੰਘ ਚਾਹਲ (ਯੂ. ਕੇ.)
+447491073808
ਮੋਹਨ ਗਿੱਲ (ਕੈਨੇਡਾ)
+17789080914
ਡਾ. ਅੰਮ੍ਰਿਤਪਾਲ ਕੌਰ (ਕੈਨੇਡਾ)
+918146565014
ਕੁਲਵਿੰਦਰ ਸਿੰਘ (ਅਮਰੀਕਾ)
+19253130281
ਸਰਬਜੀਤ ਸੋਹੀ (ਆਸਟਰੇਲੀਆ)
+61410584302

**ਸਹਿ-ਸੰਪਾਦਕ (ਤਕਨੀਕੀ): ਰਜਿੰਦਰ ਸਿੰਘ ਸੰਧੂ +919465642568**

# ਇਸ ਅੰਕ ਵਿੱਚ


**ਸੰਪਾਦਕੀ** **ਡਾ. ਸ. ਪ. ਸਿੰਘ**

## ਪੰਜਾਬ ਭਵਨ ਸਰੀ (ਕੈਨੇਡਾ)

ਪੰਜਾਬ ਭਵਨ ਸਰੀ (ਕੈਨੇਡਾ): ਸੁਪਨਾ ਕਿਵੇਂ ਹਕੀਕਤ ਬਣਿਆ — ਪ੍ਰੋ. ਗੁਰਭਜਨ ਗਿੱਲ

ਪੰਜਾਬ ਭਵਨ ਸਰੀ ਬੀ. ਸੀ. — ਜਰਨੈਲ ਸਿੰਘ ਸੇਖਾ

ਇਕ ਫ਼ੋਨ ਕਾਲ ਵਿਚੋਂ ਉਪਜਿਆ 'ਪੰਜਾਬ ਭਵਨ' — ਮੋਹਨ ਗਿੱਲ

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ: ਪੰਜਾਬ ਭਵਨ — ਡਾ. ਸ. ਪ. ਸਿੰਘ

ਪੰਜਾਬੀ ਅਤੇ ਪੰਜਾਬੀਅਤ ਦਾ ਅਲੰਬਰਦਾਰ: ਸੁੱਖੀ ਬਾਠ — ਪ੍ਰੋ. ਮਨਜੀਤ ਸਿੰਘ ਛਾਬੜਾ

ਪੰਜਾਬੀ ਅਦਬ ਨੂੰ ਪ੍ਰਣਾਇਆ-ਪੰਜਾਬ ਭਵਨ, ਸਰੀ — ਡਾ. ਗੁਰਬਖ਼ਸ਼ ਸਿੰਘ ਭੰਡਾਲ

ਕੈਨੇਡਾ ਦੇ ਲੇਖਕਾਂ ਦਾ ਕੇਂਦਰੀ ਸਥਾਨ: ਪੰਜਾਬ ਭਵਨ — ਪ੍ਰਿੰ. ਸੁਰਿੰਦਰ ਪਾਲ ਕੌਰ ਬਰਾੜ

5ਵੀਂ ਪੰਜਾਬੀ ਕਾਨਫ਼ਰੰਸ ਲਈ ਸ਼ੁੱਭ ਕਾਮਨਾਵਾਂ — ਡਾ. ਅਰਵਿੰਦਰ ਸਿੰਘ ਭੱਲਾ

ਸਾਹਿਤ ਸੁਰ ਸੰਗਮ ਸਭਾ ਇਟਲੀ ਵਲੋਂ ਵਧਾਈ — ਦਲਜਿੰਦਰ ਰਹਿਲ

ਜਲੰਧਰ ਪੰਜਾਬ ਭਵਨ: ਇਕ ਭਾਵਨਾ ਇਕ ਸੰਕਲਪ — ਡਾ. ਲਖਵਿੰਦਰ ਸਿੰਘ ਜੌਹਲ

ਪੰਜਾਬ ਭਵਨ ਤੇ ਸੁੱਖੀ ਬਾਠ — ਐਸ਼ਕੁਮ ਐਸ਼ਵਿਕ (ਐਸ਼)

ਪੰਜਾਬ ਭਵਨ: ਪੁਲ ਦੀ ਨਿਆਈਂ — ਕੁਲਦੀਪ ਸਿੰਘ ਬੇਦੀ

ਬਰੈਂਪਟਨ (ਕੈਨੇਡਾ) ਵਿਖੇ ਵਿਸ਼ਵ ਪੰਜਾਬੀ ਭਵਨ ਦੀ ਸਥਾਪਨਾ — ਰਮਿੰਦਰ ਰੰਮੀ

## ਸੰਪਾਦਕੀ

# ਪਰਵਾਸੀ ਸਾਹਿਤ ਦੇ ਵਧਦੇ ਕਦਮ



ਪਰਵਾਸ ਪੱਤ੍ਰਿਕਾ ਮੂਲ ਤੌਰ 'ਤੇ ਪਰਵਾਸੀ ਪੰਜਾਬੀ ਸਾਹਿਤ ਤੇ ਪਰਵਾਸੀ ਪੰਜਾਬੀਆਂ ਨੂੰ ਸਮਰਪਿਤ ਹੈ। ਇਸ ਲਈ ਸਮੇਂ-ਸਮੇਂ ਪਰਵਾਸੀਆਂ ਸੰਬੰਧੀ ਸਰਗਰਮੀਆਂ ਲਈ ਵਿਸ਼ੇਸ਼ ਅੰਕ ਵੀ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਸੇ ਸੰਦਰਭ ਵਿਚ ਇਹ ਵਿਸ਼ੇਸ਼ ਅੰਕ ਭਾਰਤ ਤੋਂ ਬਾਹਰ ਕੈਨੇਡਾ ਦੇ ਸਰੀ ਸ਼ਹਿਰ (ਵੈਨਕੂਵਰ) ਵਿਚ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਦੇ ਕੇਂਦਰ ਪੰਜਾਬ ਭਵਨ ਨੂੰ ਸਮਰਪਿਤ ਹੈ। ਪੰਜਾਬ ਭਵਨ ਸਰੀ ਨਿਰੰਤਰ ਤੌਰ 'ਤੇ ਪੰਜਾਬੀ ਸਾਹਿਤ, ਜੀਵਨ ਤੇ ਸਭਿਆਚਾਰ ਨੂੰ ਸਮਰਪਿਤ ਇਕ ਅਜਿਹਾ ਕੇਂਦਰ ਹੈ ਜੋ ਬਿਨ੍ਹਾਂ ਆਰਥਿਕ ਬੋਝ ਦੇ ਸਰਗਰਮੀਆਂ ਕਰਵਾਉਣ ਲਈ ਵਚਨਬੱਧ ਹੈ। ਜਿਸ ਕਾਰਨ ਸਰੀ ਕੈਨੇਡਾ ਤੇ ਸਰੀ ਦੇ ਆਲੇ-ਦੁਆਲੇ ਦੇ ਖੇਤਰਾਂ ਦੀਆਂ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਲਈ ਇਹ ਕੇਂਦਰੀ ਸਥਾਨ ਬਣ ਗਿਆ ਹੈ। ਭਾਰਤ ਤੇ ਵਿਸ਼ਵ ਦੇ ਦੂਜੇ ਇਲਾਕਿਆਂ ਵਿਚੋਂ ਗਏ ਸਾਹਿਤ ਪ੍ਰੇਮੀਆਂ ਲਈ ਮਿਲ-ਬੈਠਣ ਦੇ ਕੇਂਦਰੀ ਸਥਾਨ ਵਜੋਂ ਵੀ ਉਭਰਿਆ ਹੈ। ਇਕ ਸਮਾਂ ਸੀ ਜਦ ਭਾਰਤ ਵਿਚ ਇੰਡੀਅਨ ਕੌਫ਼ੀ ਹਾਊਸ ਨਾਮ ਦੀ ਸੰਸਥਾ ਵਲੋਂ ਚਲਾਏ ਜਾਂਦੇ ਰੈਸਟੋਰੈਂਟ ਸਾਹਿਤਕ ਸਰਗਰਮੀਆਂ ਅਤੇ ਲੇਖਕਾਂ ਦੇ ਮਿਲ-ਬੈਠਣ ਦਾ ਕੇਂਦਰੀ ਸਥਾਨ ਹੁੰਦਾ ਸੀ, ਇਸ ਬਾਰੇ ਪਿਛਲੀ ਪੀੜ੍ਹੀ ਦੇ ਲੇਖਕਾਂ ਨੇ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਇਸ ਸਹੂਲਤ ਨੂੰ ਸਾਹਿਤ ਤੇ ਸਭਿਆਚਾਰ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵਰਤਿਆ, ਇਥੋਂ ਤੱਕ ਕਿ ਜਲੰਧਰ ਦੇ ਕੌਫ਼ੀ ਹਾਊਸ ਵਿਚ ਮੇਰੀ ਪਹਿਲੀ ਪੁਸਤਕ 'ਪੰਜਾਬੀ ਕਹਾਣੀ ਨਵੇਂ ਪ੍ਰਯੋਗ' ਵੀ ਡਾ. ਸਾਧੂ ਸਿੰਘ ਹਮਦਰਦ ਦੁਆਰਾ ਸਾਹਿਤਕਾਰਾਂ ਦੀ ਮੌਜੂਦਗੀ ਵਿਚ ਲੋਕ ਅਰਪਿਤ ਕੀਤੀ ਗਈ। ਦਿੱਲੀ, ਸ਼ਿਮਲਾ, ਲੁਧਿਆਣਾ ਆਦਿ ਵਿਚ ਵੀ ਕੌਫ਼ੀ ਹਾਊਸ ਸਥਾਪਿਤ ਹੋਏ। ਇਸੇ ਪ੍ਰਕਾਰ ਵੱਖਰੇ ਅੰਦਾਜ਼ ਵਿਚ ਕੈਨੇਡਾ ਵਿਚ ਇਕ ਪੰਜਾਬੀ ਪਿਆਰੇ ਸੁੱਖੀ ਬਾਠ ਨੇ ਪੰਜਾਬ ਭਵਨ ਸਥਾਪਿਤ ਕੀਤਾ, ਜਿਸ ਨੂੰ ਪਰਵਾਸੀ ਲੇਖਕਾਂ ਦਾ ਮੱਕਾ ਕਿਹਾ ਜਾ ਸਕਦਾ ਹੈ ਇਸ ਸੰਸਥਾ ਦੁਆਰਾ ਪਿਛਲੇ ਲੰਮੇ ਸਮੇਂ ਤੋਂ ਸਲਾਨਾ ਕਾਨਫ਼ਰੰਸਾਂ ਵੀ ਕਰਵਾਈਆਂ ਜਾ ਰਹੀਆਂ ਹਨ ਅਤੇ ਕਈ ਪ੍ਰਕਾਰ ਦੇ ਸਾਹਿਤਕ ਤੇ ਸਭਿਆਚਾਰਕ ਸਮਾਗਮ ਵੀ ਰਚੇ ਜਾਂਦੇ ਹਨ।

ਪੰਜਾਬ ਭਵਨ ਦੁਆਰਾ 8-9 ਅਕਤੂਬਰ 2023 ਨੂੰ ਸਰੀ ਵਿਚ ਸੁੱਖੀ ਬਾਠ ਸੰਸਥਾਪਕ ਪੰਜਾਬ ਭਵਨ ਦੀ ਅਗਵਾਈ ਵਿਚ ਪੰਜਾਬੀ ਕਾਨਫ਼ਰੰਸ ਕਰਵਾਈ ਜਾ ਰਹੀ ਹੈ ਜਿਸ ਵਿਚ ਵਿਸ਼ਵ ਭਰ ਦੇ 12 ਤੋਂ ਵੱਧ ਦੇਸ਼ਾਂ ਦੇ ਪ੍ਰਤੀਨਿਧ ਲੇਖਕਾਂ ਦੇ ਹਿੱਸਾ ਲੈਣ ਦੀ ਸੰਭਾਵਨਾ ਹੈ। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਪਰਵਾਸੀ ਸਾਹਿਤ ਦਾ ਕੁੰਭ ਰਚਾਇਆ ਜਾ ਰਿਹਾ ਹੈ ਅਤੇ ਇਸ ਕੁੰਭ ਦੇ ਯੱਗ ਵਿਚ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ

ਕਾਲਜ, ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੁਆਰਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਕੇ ਆਪਣਾ ਯੋਗਦਾਨ ਦਿੱਤਾ ਜਾ ਰਿਹਾ ਹੈ।

ਅਸੀਂ ਯਤਨ ਕੀਤਾ ਹੈ ਕਿ ਇਸ ਵਿਸ਼ੇਸ਼ ਅੰਕ ਵਿਚ ਪੰਜਾਬ ਭਵਨ ਦੀ ਸਥਾਪਨਾ, ਇਸ ਦੀਆਂ ਨਿਰੰਤਰ ਹੁਣ ਤੱਕ ਦੀਆਂ ਸਾਹਿਤਕ, ਸਮਾਜਿਕ, ਧਾਰਮਿਕ, ਸਭਿਆਚਾਰਕ ਸਰਗਰਮੀਆਂ ਨੂੰ ਸੰਗਠਿਤ ਰੂਪ ਵਿਚ ਤਸਵੀਰਾਂ ਸਮੇਤ ਪ੍ਰਕਾਸ਼ਿਤ ਕੀਤਾ ਜਾ ਸਕੇ।

ਇਸ ਮੌਕੇ ਇਹ ਦੱਸਣਾ ਵੀ ਯੋਗ ਪ੍ਰਤੀਤ ਹੁੰਦਾ ਹੈ ਕਿ ਸੁੱਖੀ ਬਾਠ ਦੁਆਰਾ ਸਥਾਪਿਤ ਪੰਜਾਬ ਭਵਨ ਦੀ ਤਰਜ਼ ਤੇ ਹੀ ਸ. ਦਲਬੀਰ ਸਿੰਘ ਕਥੂਰੀਆ ਦੁਆਰਾ ਪੰਜਾਬ ਭਵਨ ਦੇ ਸੰਕਲਪ, ਮੰਤਵ ਤੇ ਇਸ ਨੂੰ ਵਿਸਤਾਰ ਦਿੰਦੇ ਹੋਏ ਬਰੈਂਪਟਨ ਵਿਚ ਵਿਸ਼ਵ ਪੰਜਾਬੀ ਭਵਨ ਸਥਾਪਿਤ ਕੀਤਾ ਗਿਆ ਹੈ। ਪਰਵਾਸੀ ਸਾਹਿਤ ਅਧਿਐਨ ਕੇਂਦਰ ਇਸ ਨੂੰ ਪੰਜਾਬ ਭਵਨ ਸਰੀ ਦਾ ਹੀ ਵਿਸਥਾਰ ਮੰਨਦਾ ਹੈ ਕਿਉਂ ਕਿ ਸੁੱਖੀ ਬਾਠ ਵੱਲੋਂ ਪਾਈ ਨਿਵੇਕਲੀ ਤੇ ਪ੍ਰਸ਼ੰਸਾਯੋਗ ਪਿਰਤ ਦਾ ਹੋਰਨਾਂ ਖੇਤਰਾਂ ਵਿਚ ਪਾਸਾਰ ਸਾਹਿਤਕ ਪ੍ਰੇਮੀਆਂ ਲਈ ਖ਼ੁਸ਼ੀ ਦਾ ਅਵਸਰ ਹੈ।

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ, ਅਦਾਰਾ ਪਰਵਾਸ ਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵਲੋਂ ਪੰਜਾਬ ਭਵਨ ਸਰੀ ਵਿਚ ਹੋਣ ਜਾ ਰਹੀ ਪੰਜਵੀਂ ਪੰਜਾਬੀ ਕਾਨਫ਼ਰੰਸ ਲਈ ਅਸੀਂ ਸ਼ੁਭ ਇਛਾਵਾਂ ਭੇਂਟ ਕਰਦੇ ਹਾਂ।

ਅਦਾਰਾ ਪਰਵਾਸ ਤੇ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਇਸ ਮੌਕੇ ਤੇ ਪੰਜਾਬ ਭਵਨ ਸਰੀ ਦੇ ਸੰਸਥਾਪਕ ਸੁੱਖੀ ਬਾਠ ਤੇ ਵਿਸ਼ਵ ਪੰਜਾਬੀ ਭਵਨ ਬਰੈਂਪਟਨ ਦੇ ਸੰਸਥਾਪਕ ਦਲਬੀਰ ਸਿੰਘ ਕਥੂਰੀਆ ਨੂੰ ਸ਼ੁਭ ਇਛਾਵਾਂ ਭੇਜਦਾ ਹੈ ਅਤੇ ਧੰਨਵਾਦੀ ਹੈ ਕਿ ਪਰਵਾਸੀ ਸਾਹਿਤ ਦੇ ਪਾਸਾਰ ਤੇ ਪ੍ਰਚਾਰ ਲਈ ਵਿਸ਼ਵ ਵਿਚ ਸਾਹਿਤਕ ਮਾਹੌਲ ਪੈਦਾ ਕਰਨ ਲਈ ਉਨ੍ਹਾਂ ਨੇ ਇਕ ਵੱਡਾ ਹੰਭਲਾ ਮਾਰਿਆ ਹੈ।


ਸੁੱਖੀ ਬਾਠ


ਦਲਬੀਰ ਸਿੰਘ ਕਥੂਰੀਆ

ਪਰਵਾਸੀ ਪੰਜਾਬੀ ਸਾਹਿਤ ਤੇ ਸਭਿਆਚਾਰ ਲਈ ਇਹ ਯਤਨ ਉਜਲੇ ਭਵਿੱਖ ਦਾ ਸੁਨੇਹਾ ਦਿੰਦੇ ਹਨ। ਜਿਸ ਦਾ ਸਾਰੇ ਪੰਜਾਬੀਆਂ ਨੂੰ ਮਾਣ ਹੋਣਾ ਚਾਹੀਦਾ ਹੈ ਤੇ ਧੰਨਵਾਦੀ ਵੀ ਹੋਣਾ ਚਾਹੀਦਾ ਹੈ।

**ਸ. ਪ. ਸਿੰਘ (ਡਾ.)**
**ਮੁੱਖ ਸੰਪਾਦਕ**

# ਪੰਜਾਬ ਭਵਨ ਸਰੀ (ਕੈਨੇਡਾ): ਸੁਪਨਾ ਕਿਵੇਂ ਹਕੀਕਤ ਬਣਿਆ

**ਪ੍ਰੋ. ਗੁਰਭਜਨ ਸਿੰਘ ਗਿੱਲ**



ਮੈਂ ਕਦੇ ਪਰਦੇਸ ਜਾਣ ਦਾ ਸੁਪਨਾ ਨਹੀਂ ਸੀ ਲਿਆ। 1997 ਤੀਕ ਪਾਸਪੋਰਟ ਵੀ ਨਹੀਂ ਸੀ ਬਣਵਾਇਆ। 1997 ਵਿਚ ਮਿਲਵਾਕੀ (ਅਮਰੀਕਾ) ਵਿਚ ਸ. ਦਰਸ਼ਨ ਸਿੰਘ ਧਾਲੀਵਾਲ ਨੇ 'ਵਿਸ਼ਵ ਪੰਜਾਬੀ ਕਾਨਫ਼ਰੰਸ' ਕਰਵਾਈ ਤਾਂ ਮਨ ਲਲਚਾਇਆ ਕਿ ਅਮਰੀਕਾ ਜਾਇਆ ਜਾਵੇ। ਨਾ ਪੱਲੇ ਪਾਸਪੋਰਟ, ਨਾ ਸੱਦਾ ਪੱਤਰ। ਅਚਨਚੇਤ ਮੇਰੇ ਪੁੱਤਰ ਪੁਨੀਤਪਾਲ ਦੇ ਮਿਲਵਾਕੀ ਵੱਸਦੇ ਨਾਨਕਿਆਂ ਦਾ ਫ਼ੋਨ ਆ ਗਿਆ ਕਿ ਤੁਸੀਂ ਵੀ ਆ ਜਾਉ। ਸੱਦਾ ਪੱਤਰ ਸਿੱਧਾ ਹੀ ਭਿਜਵਾ ਦਿੱਤਾ, ਪਰ ਭਾਰਤੀ ਪ੍ਰਬੰਧਕਾਂ ਤੋਂ ਲਾਂਭੇ ਲਾਂਭੇ। ਐਮਰਜੈਂਸੀ ਵਿਚ ਤਤਕਾਲ ਪਾਸਪੋਰਟ ਬਣਵਾ ਲਿਆ। ਦਿੱਲੀ ਅਮਰੀਕਨ ਅੰਬੈਸੀ ਵਾਲਿਆਂ ਨੇ ਬੇਰੰਗ ਮੋੜ ਦਿੱਤਾ ਤਿੰਨ ਦਿਨ ਖੱਜਲ ਕਰਕੇ, ਅਖੇ ! ਕਾਨਫ਼ਰੰਸ ਤਾਂ ਅੱਜ ਸ਼ੁਰੂ ਹੋ ਗਈ, ਤੁਸੀਂ ਕੀ ਕਰਨੈਂ ਜਾ ਕੇ। ਨਾਲ ਹੀ ਲਿਖ ਮਾਰਿਆ, ਤੁਹਾਡੇ ਬੈਂਕ ਖਾਤੇ ਵਿਚ ਰੁਪਈਏ ਵੀ ਘੱਟ ਹਨ, ਪਤਾ ਨਹੀਂ ਮੁੜੋ ਜਾਂ ਨਾ ਮੁੜੋ ! ਦਿੱਲੀਉਂ ਪਰਤਦਿਆਂ ਮਨ ਉਦਾਸ ਵੀ ਸੀ ਪਰ ਇਹ ਅਹਿਸਾਸ ਪ੍ਰਬਲ ਹੋ ਗਿਆ

ਲੁਧਿਆਣੈ ਜਾ ਕੇ ਸਮਝੀਦੈ, ਸਾਡੇ ਤੁਲ ਨਹੀਂ।
ਦਿੱਲੀ ਜਾ ਕੇ ਜਾਣੀਦੈ, ਦੁਆਨੀ ਸਾਡਾ ਮੁੱਲ ਨਹੀਂ।

ਉਦੋਂ ਰੋਜ਼ਾਨਾ ਅਜੀਤ ਦਾ ਲੁਧਿਆਣਾ ਸਪਲੀਮੈਂਟ ਨਵਾਂ ਨਵਾਂ ਸ਼ੁਰੂ ਹੋਇਆ ਸੀ। ਉਸ ਵਿਚ ਮੇਰਾ ਰੈਗੂਲਰ ਕਾਲਮ 'ਤੀਸਰਾ ਨੇਤਰ' ਛਪਦਾ ਸੀ। ਮੈਂ ਉਸ ਵਿਚ ਪੂਰਾ ਹਾਲ ਲਿਖ ਮਾਰਿਆ ਕਿ ਮੇਰੀ ਕਿਵੇਂ ਕਿਵੇਂ ਮੇਰੇ ਸੁਪਨੇ ਦੀ ਬੇ ਹੁਰਮਤੀ ਹੋਈ।

ਪਰ ਇਕ ਗੱਲ ਚੰਗੀ ਹੋਈ ਕਿ ਪਾਸਪੋਰਟ ਬਣ ਗਿਆ, ਜਿਸ ਦੇ ਸਹਾਰੇ ਮੈਂ ਪਾਕਿਸਤਾਨ ਗੁਰਧਾਮਾਂ ਦੀ ਯਾਤਰਾ ਤੇ 1997 'ਚ ਜਾ ਸਕਿਆ। 2001 ਵਾਲੀ ਲਾਹੌਰ ਵਿਸ਼ਵ ਪੰਜਾਬੀ ਕਾਨਫ਼ਰੰਸ ਵੀ ਤਾਂਹੀਉਂ ਮਾਣ ਸਕਿਆ।

ਅਮਰੀਕਾ, ਕੈਨੇਡਾ ਤੇ ਯੂ. ਕੇ. ਵੱਸਦੇ ਮਿੱਤਰ ਲੇਖਕ ਜਦ ਵੀ ਲੁਧਿਆਣੇ ਆਉਂਦੇ ਤਾਂ ਆਉਣ ਦਾ ਸੱਦਾ ਪੱਤਰ ਦੇ ਜਾਂਦੇ। 2003 ਵਿਚ ਟੋਰੰਟੋ (ਕੈਨੇਡਾ) ਵੱਸਦੇ ਵੱਡੇ ਵੀਰ ਇਕਬਾਲ ਮਾਹਲ ਨੇ ਹੁਕਮ ਚਾੜ੍ਹਿਆ ਕਿ ਮੈਂ ਰਾਹਦਾਰੀ ਭੇਜ ਰਿਹਾਂ, ਤਿਆਰ ਹੋ ਜਾ। ਨਾਲ ਹੀ ਹਦਾਇਤਨਾਮਾ ਲਿਖ ਭੇਜਿਆ ਕਿ ਵੀਜ਼ਾ ਕਿਵੇਂ ਲੈਣਾ ਹੈ। ਕੱਪੜੇ ਕਿਹੋ ਜਹੇ ਪਾ ਕੇ ਜਾਣੇ ਨੇ। ਮੈਂ ਸਭ ਕੁਝ ਉਵੇਂ ਹੀ ਕੀਤਾ ਤੇ ਕੈਨੇਡਾ ਦਾ ਵੀਜ਼ਾ ਮਿਲ ਗਿਆ। ਅਮਰੀਕਾ ਦਾ ਵੀ ਵੀਜ਼ਾ ਹਫ਼ਤੇ ਬਾਅਦ ਮਿਲ ਗਿਆ। ਵੈਨਕੂਵਰ ਹਵਾਈ ਅੱਡੇ ਤੋਂ ਮੇਰੇ ਬੇਲੀ ਡਾ. ਰੁਸਤਮ ਗਿੱਲ ਨੇ ਲਿਆ। ਘਰ ਪਹੁੰਚ ਕੇ ਪਤਾ ਲੱਗਾ ਕਿ ਉਹ ਤਾਂ ਮੇਰੀ 1976 'ਚ ਗੁਰੂ ਨਾਨਕ ਨੈਸ਼ਨਲ ਕਾਲਿਜ ਦੋਰਾਹਾ ਵਿਚ ਵਿਦਿਆਰਥਣ ਰਹੀ ਰਾਜਿੰਦਰ ਕੌਰ (ਕੱਦੋਂ) ਨਾਲ ਵਿਆਹਿਆ ਹੋਇਐ। ਉਸ ਮਗਰੋਂ ਸਰੀ 'ਚ ਮੇਰਾ ਇਹ ਦੂਸਰਾ ਘਰ ਬਣ ਗਿਆ। ਉਸੇ ਸਾਲ ਹੀ ਵੈਨਕੂਵਰ ਵਿਚ ਵਿਸ਼ਵ ਪੰਜਾਬੀ ਕਾਨਫ਼ਰੰਸ ਸੀ। ਪਿਆਰੇ ਵੀਰ ਸਵਰਗੀ ਡਾ.

ਦਰਸ਼ਨ ਗਿੱਲ ਨੇ ਵੀ ਸੱਦਾ ਪੱਤਰ ਭੇਜਿਆ ਤੇ ਮੈਂ ਯੂਨੀਵਰਸਿਟੀ ਤੋਂ ਛੁੱਟੀ ਲੈ ਕੇ ਕੈਨੇਡਾ ਪੁੱਜ ਗਿਆ। ਬੜੀ ਮਿਆਰੀ ਤੇ ਪਿਆਰੀ ਕਾਨਫ਼ਰੰਸ ਸੀ। ਪਰ ਇਕ ਗੱਲ ਬਹੁਤ ਅੱਖਰੀ ! ਜੇ ਇਕ ਸੈਸ਼ਨ ਲਾਇਬ੍ਰੇਰੀ ਵਿਚ ਹੈ ਤੇ ਦੂਜਾ ਕਾਫ਼ੀ ਦੂਰ ਕਿਸੇ ਹੋਰ ਥਾਂ। ਖਿੱਲਰਵਾਂ ਨਿਜ਼ਾਮ ਸੀ। ਆਉ ਭਗਤ ਵਿਚ ਕੋਈ ਕਸਰ ਨਹੀਂ ਸੀ ਪਰ ਅਸੀਂ ਪੰਜਾਬੀ ਦੇ ਗਿੱਝੇ ਲੋਕ ਇਹੀ ਮਹਿਸੂਸ ਕਰੀ ਗਏ ਕਿ ਸਾਰਾ ਕੁਝ ਇੱਕੋ ਥਾਂ ਕਿਉਂ ਨਹੀਂ?



**ਪੰਜਾਬ ਭਵਨ ਦੇ ਉਦਘਾਟਨੀ ਸਮਾਗਮ ਵਿਚ ਸਨਮਾਨ ਪ੍ਰਾਪਤ ਕਰਦਿਆਂ**


ਕਾਨਫ਼ਰੰਸ ਮਗਰੋਂ ਮੈਂ ਅਮਰੀਕਾ ਚਲਾ ਗਿਆ ਤੇ ਉਥੋਂ ਟੋਰੰਟੋ ਆ ਗਿਆ। ਹਵਾਈ ਅੱਡੇ ਤੋਂ ਇਕਬਾਲ ਮਾਹਲ ਆਪਣੇ ਘਰ ਲੈ ਗਏ। ਉਨ੍ਹਾਂ ਇਕ ਰੈਸਟੋਰੈਂਟ ਵਿਚ ਮੇਰਾ ਸੁਆਗਤੀ ਸਮਾਗਮ ਰਚਾਇਆ। ਸ. ਇੰਦਰਜੀਤ ਸਿੰਘ ਬੱਲ ਤੇ ਮਾਸਟਰ ਹਰਚਰਨ ਸਿੰਘ ਗਿੱਲ 'ਰਾਮੂਵਾਲੀਆ' ਉਨ੍ਹਾਂ ਦੇ ਨਿਕਟ-ਸਹਿਯੋਗੀ ਸਨ। ਚੰਗੀ ਰੌਣਕ ਸੀ ਪਰ ਇਹ ਗੱਲ ਰੜਕੀ ਕਿ ਪੰਜਾਬੀਆਂ ਕੋਲ ਬਦੇਸ਼ਾਂ ਵਿਚ ਸਭ ਕੁਝ ਹੋਣ ਦੇ ਬਾਵਜੂਦ ਸਾਂਝੇ ਸੁਪਨਿਆਂ ਵਿਚ ਰੰਗ ਭਰਨ ਵਾਲਾ ਆਪਣਾ 'ਘਰ' ਸਾਂਝੇ ਤੌਰ ਤੇ ਇਕ ਵੀ ਨਹੀਂ। ਆਲੀਸ਼ਾਨ ਗੁਰੂਘਰ ਹਨ, ਮੰਦਿਰ ਹਨ, ਮਸੀਤਾਂ ਵੀ ਕਮਾਲੋ ਕਮਾਲ, ਪਰ ਪੰਜਾਬੀਆਂ ਦਾ ਸਰਬ ਸਾਂਝਾ ਘਰ ਕਿੱਥੇ ਹੈ?

ਇਹ 'ਕਸਕ' ਲੈ ਕੇ ਮੈਂ ਪਰਤ ਆਇਆ। 2006 ਵਿਚ ਦੋਬਾਰਾ ਗਿਆ ਤਾਂ ਇਕ ਮੀਟਿੰਗ ਵਿਚ ਟੋਰੰਟੋ ਅੰਦਰ ਹੀ ਪੰਜਾਬੀਆਂ ਨੂੰ ਵੰਗਾਰ ਪਾਈ, ਕਿ ਤੁਹਾਡੇ ਕੋਲ ਪੰਜਾਬ ਲਈ ਸਰਬ ਸਾਂਝਾ ਘਰ ਕਿੱਥੇ ਹੈ ?, ਜਿੱਥੇ ਤੁਹਾਡੇ ਬੱਚੇ ਗਿੱਧਾ, ਭੰਗੜਾ, ਲੁੱਡੀ, ਝੁੰਮਰ, ਲੰਮੀ ਹੇਕ ਦੇ ਗੀਤ ਸਿੱਖ ਸਕਣ। ਧੀਆਂ ਭੈਣਾ ਕਿੱਕਲੀ ਪਾ ਸਕਣ। ਸਿੱਠਣੀਆਂ, ਸੁਹਾਗ ਤੇ ਘੋੜੀਆਂ ਗਾ ਸਕਣ ਇਕੱਠੀਆਂ ਬਹਿ ਕੇ।

ਇਸ ਇਕੱਤਰਤਾ ਵਿਚ ਪੰਜਾਬੀ ਲੇਖਕ ਸ. ਤਰਲੋਚਨ ਸਿੰਘ ਗਿੱਲ ਬੈਠੇ ਸਨ। ਬੋਲੇ ! ਆ ਫੜੋ 1000/- ਡਾਲਰ ਦਾ ਚੈੱਕ, ਹੋਰ ਵੀ ਦੇ ਦੇਵਾਂਗਾ। 200 ਬੰਦੇ ਬੈਠੇ ਨੇ ਜੇ ਸਾਰੇ ਹਿੰਮਤ ਕਰਨ ਤਾਂ ਟੋਰੰਟੋ ਵਿਚ ਹੀ ਲੁਧਿਆਣੇ ਵਰਗਾ 'ਪੰਜਾਬੀ ਭਵਨ' ਬਣ ਸਕਦਾ ਹੈ। ਮੈਂ ਚੈੱਕ

ਪਰਤਾਉਂਦਿਆਂ ਕਿਹਾ, 'ਭਾਜੀ ! ਕਾਹਲੇ ਨਾ ਪਉ। ਸਰਬ ਸੰਮਤੀ ਨਾਲ ਇਸ ਸੰਕਲਪ ਨੂੰ ਪ੍ਰਵਾਨ ਕਰੋ, ਰਿੜਕੋ ਤੇ ਅੱਗੇ ਤੁਰੋ। ਗੱਲ ਆਈ ਗਈ ਹੋ ਗਈ। ਕੁਝ ਨਾ ਹੋ ਸਕਿਆ।

ਸਾਲ 2016 ਵਿਚ ਮੈਂ ਜਦ ਅਮਰੀਕਾ ਫੇਰੀ ਤੋਂ ਬਾਅਦ ਕੈਨੇਡਾ ਆਇਆ ਤਾਂ ਆਪਣੇ ਮਿੱਤਰਾਂ ਮੋਹਨ ਗਿੱਲ, ਜਰਨੈਲ ਸਿੰਘ ਚਿੱਤਰਕਾਰ, ਕੁਲਦੀਪ ਗਿੱਲ, ਅੰਗਰੇਜ਼ ਸਿੰਘ ਬਰਾੜ ਤੇ ਹੋਰਨਾਂ ਨਾਲ ਘੁੰਮਦਿਆਂ ਇਕ ਦਿਨ ਕੈਲੋਨਾ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮੋਹਨ ਗਿੱਲ ਤੇ ਅੰਗਰੇਜ਼ ਬਰਾੜ ਸਮੇਤ ਕੈਲੋਨਾ ਤੋਂ ਰਾਤ ਕੱਟ ਕੇ ਪਰਤ ਰਿਹਾ ਸਾਂ ਤਾਂ ਅਚਨਚੇਤ



**ਸੁੱਖੀ ਬਾਠ ਦੰਪਤੀ ਦੀ ਪੰਜਾਬ ਫੇਰੀ ਮੌਕੇ ਸਾਡੇ ਘਰ 'ਚ ਮੇਰੇ ਵੱਡੇ ਵੀਰ ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ ਦੀ ਕਿਤਾਬ ਲੋਕ ਅਰਪਨ ਕਰਦਿਆਂ**

ਕਿਸੇ ਟੈਲੀਫ਼ੋਨ ਦੀ ਘੰਟੀ ਵੱਜੀ। ਮੋਹਨ ਗਿੱਲ ਦੇ ਦੂਜੇ ਪਾਸੇ ਫ਼ੋਨ ਤੇ ਸੁੱਖੀ ਬਾਠ ਸੀ। ਉਸ ਮੋਹਨ ਨੂੰ ਮਿਲਣ ਲਈ ਬੁਲਾਇਆ ਤਾਂ ਉਸ ਕਿਹਾ ਕਿ ਕੁਝ ਦਿਨ ਅਜੇ ਆਪਣੇ ਸਹਿਪਾਠੀ ਮਿੱਤਰ ਗੁਰਭਜਨ ਗਿੱਲ ਨਾਲ ਰੁੱਝਿਆ ਹੋਇਆ ਹਾਂ, ਕੁਝ ਦਿਨ ਅਟਕ ਕੇ ਆ ਸਕਾਂਗਾ। ਮੇਰਾ ਨਾਮ ਸੁਣ ਕੇ ਸੁੱਖੀ ਬਾਠ ਨੇ ਮਿਲਣ ਦੀ ਇੱਛਾ ਜਤਾਈ। ਦੂਜੇ ਦਿਨ ਮਿਲਣ ਦਾ ਪ੍ਰੋਗਰਾਮ ਬਣ ਗਿਆ। ਰਾਤ ਨੂੰ ਅਚਾਨਕ ਮੋਹਨ ਬੀਮਾਰ ਹੋ ਗਿਆ ਤੇ ਕੁਲਦੀਪ ਗਿੱਲ ਨੇ ਇਹ ਡਿਊਟੀ ਲੈ ਲਈ ਕਿ ਉਹ ਮੈਨੂੰ ਸੁੱਖੀ ਬਾਠ ਨੂੰ ਮਿਲਾ ਦੇਵੇਗਾ। ਤੁਰਨ ਲੱਗੇ ਤਾਂ ਡਾ. ਗੁਲਜ਼ਾਰ ਵਿਲਿੰਗ ਦਾ ਫ਼ੋਨ ਆ ਗਿਆ ਕਿ ਪੀ. ਏ. ਯੂ. ਵਾਲੇ ਡਾ. ਸੁਰਜੀਤ ਸਿੰਘ ਗਿੱਲ ਵੀ ਸਰੀ ਆਏ ਹੋਏ ਨੇ। ਮੇਰੇ ਸੀਨੀਅਰ ਸਹਿਕਰਮੀ ਰਹੇ ਹੋਣ ਕਾਰਨ ਮੈਨੂੰ ਬਹੁਤ ਹੀ ਚੰਗਾ ਲੱਗਿਆ ਕਿ ਇਕੱਠੇ ਜਾਵਾਂਗੇ ਸੁੱਖੀ ਬਾਠ ਕੋਲ।

'ਬਾਠ ਮੋਟਰਜ' ਵਾਲੇ ਕੰਪਲੈਕਸ ਵਿਚ ਪੁੱਜੇ ਤਾਂ ਸੁੱਖੀ ਬਾਠ ਉਡੀਕ ਰਿਹਾ ਸੀ। ਮੇਰੀ ਉਸ ਨਾਲ ਪਹਿਲੀ ਮੁਲਾਕਾਤ ਸੀ। ਉਸ ਬਾਰੇ ਏਨੀ ਗੱਲ ਕੁਲਦੀਪ ਤੇ ਮੋਹਨ ਨੇ ਪਹਿਲਾਂ ਹੀ ਮੈਨੂੰ ਦੱਸ ਦਿੱਤੀ ਸੀ ਕਿ ਉਹ 'ਸਟੂਡੀਉ-7' ਨਾਮ ਹੇਠ ਇਕ ਨਿਸ਼ਕਾਮ ਸੰਸਥਾ ਚਲਾ ਰਿਹਾ ਹੈ। ਸੁੱਖੀ ਆਪਣੇ ਕਾਰੋਬਾਰ ਤੇ 'ਸਟੂਡੀਉ-7' ਦੇ ਸਮਾਜਿਕ ਕਾਰਜ ਬਾਰੇ ਸਾਨੂੰ ਜਦ ਦੱਸ ਰਿਹਾ ਸੀ ਤਾਂ ਉਸ ਦੀਆਂ ਗੱਲਾਂ ਵਿਚੋਂ ਮੈਨੂੰ ਮਹਿਸੂਸ ਹੋਇਆ ਕਿ ਜਿੰਨਾ ਵੱਡਾ

ਸੁਪਨਾ ਲੈ ਕੇ ਸੁੱਖੀ ਬਾਠ ਇਹ 'ਸਟੁਡੀਉ-7' ਸ਼ੁਰੂ ਕੀਤਾ ਸੀ, ਓਨਾ ਵੱਡਾ ਨਤੀਜਾ ਨਹੀਂ ਮਿਲ ਰਿਹਾ।

ਮੈਂ ਆਪਣੀ ਕਿਤਾਬ 'ਗੁਲਨਾਰ' ਉਸਨੂੰ ਭੇਂਟ ਕਰਨ ਉਪਰੰਤ ਪੁੱਛਿਆ ਕਿ ਉਹ ਜੇ ਸੱਚ ਮੁੱਚ ਕੁਝ ਕਰਨਾ ਚਾਹੁੰਦਾ ਹੈ ਤਾਂ ਇਸੇ ਕੰਪਲੈਕਸ ਵਿਚ ਕੁਝ ਤਰਮੀਮ ਕਰਕੇ 'ਪੰਜਾਬੀ ਭਵਨ' ਨਾਮ ਹੇਠ ਨਵੇਂ ਸਿਰਿਉਂ ਵਿਉਂਤਕਾਰੀ ਕਰੇ। ਮੇਰੀਆਂ ਗੱਲਾਂ ਨਾਲ ਡਾ. ਸੁਰਜੀਤ




**ਸੁੱਖੀ ਬਾਠ ਨਾਲ ਪਹਿਲੀ ਮੁਲਾਕਾਤ ਵੇਲੇ ਕੁਲਦੀਪ ਗਿੱਲ, ਡਾ. ਸੁਰਜੀਤ ਸਿੰਘ ਗਿੱਲ (ਪੀ.ਏ.ਯੂ.) ਤੇ ਡਾ. ਗੁਲਜ਼ਾਰ ਸਿੰਘ ਵਿਲਿੰਗ ਸਮੇਤ 'ਗੁਲਨਾਰ' ਭੇਂਟ ਕਰਦਿਆਂ**

ਸਿੰਘ ਗਿੱਲ, ਡਾ. ਗੁਲਜ਼ਾਰ ਵਿਲਿੰਗ ਤੇ ਕੁਲਦੀਪ ਗਿੱਲ ਨੇ ਵੀ ਹਾਮੀ ਭਰੀ। ਸੁੱਖੀ ਬਾਠ ਨੇ ਤੁਰੰਤ ਹੁੰਗਾਰਾ ਭਰਨ ਦੀ ਥਾਂ ਸੋਚ ਵਿਚਾਰ ਕਰਕੇ ਫ਼ੈਸਲਾ ਦੱਸਣ ਬਾਰੇ ਕਿਹਾ। ਮੇਰੀ ਪਹਿਲੀ ਮੁਲਾਕਾਤ ਹੋਣ ਕਾਰਨ ਮੈਂ ਇਹ ਗੱਲ ਆਪਣੇ ਮਨ ਹੀ ਮਨ ਵਿਚ 'ਰੱਦ' ਹੀ ਸਮਝੀ ਕਿਉਂਕਿ ਇਹ ਮੇਰੀ ਸੋਚ ਮੇਰੀ ਹੈ, ਪਰ ਕੰਮ ਤਾਂ ਸੁੱਖੀ ਬਾਠ ਦੇ ਪੈਸੇ ਨਾਲ ਨੇਪਰੇ ਚੜ੍ਹਨਾ ਹੈ।

ਕੁਝ ਦਿਨ ਸਰੀ ਰਹਿ ਕੇ ਮੈਂ ਅਮਰੀਕਾ ਚਲਾ ਗਿਆ। ਹਰਵਿੰਦਰ ਰਿਆੜ ਦੇ ਘਰ ਨਿਊਜਰਸੀ ਸ਼ਹਿਰ 'ਕਾਰਟਰੇਟ' ਵਿਚ ਸਾਂ, ਜਦ ਨਾਮਧਾਰੀ ਸਮਾਜ ਮੁਖੀ ਸਤਿਗੁਰੂ ਉਦੈ ਸਿੰਘ ਜੀ ਦੀ ਫ਼ੋਨ ਕਾਲ ਆਈ, ਕਿੱਥੇ ਹੋ? ਮੈਂ ਦੱਸਿਆ ਕਿ ਅੱਜ ਨਿਊਜਰਸੀ ਹਾਂ ਪਰ ਕੱਲ੍ਹ ਨਿਊਯਾਰਕ ਚਲਾ ਜਾਵਾਂਗਾ ਤੇ ਕੁਝ ਦਿਨਾਂ ਬਾਅਦ ਸਾਨਫ਼ਰਾਂਸਿਸਕੋ ਵਿਖੇ 'ਯੁਗਾਂਤਰ ਆਸ਼ਰਮ' ਵਿਚ ਮੈਂ 31 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਜੀ ਦੇ ਬਾਰੇ ਲੈਕਚਰ ਦੇਣਾ ਹੈ। ਗ਼ਦਰ ਮੈਮੋਰੀਅਲ ਫਾਊਂਡੇਸ਼ਨ ਵਾਲੇ ਓਥੇ ਸ਼ਹੀਦੀ ਦਿਵਸ ਮਨਾ ਰਹੇ ਨੇ। ਉਹ ਬੋਲੇ ਕਿ ਪਹਿਲੀ ਅਗਸਤ ਨੂੰ ਤੁਸੀਂ ਸਾਨੂੰ 'ਸਰੀ' ਚਾਹੀਦੇ ਹੋ। ਸਤਿਗੁਰੂ ਰਾਮ ਸਿੰਘ ਜੀ ਬਾਰੇ ਵਿਸ਼ੇਸ਼ ਅੰਤਰ ਰਾਸ਼ਟਰੀ ਸੈਮੀਨਾਰ ਹੈ। ਤੁਹਾਡੇ ਮਿੱਤਰ ਡਾ. ਵਰਿਆਮ ਸਿੰਘ ਸੰਧੂ ਟੋਰੰਟੋ ਤੋਂ ਆ ਰਹੇ ਨੇ ਤੇ ਸਿਰਸਾ ਵਾਲੇ ਸੁਵਰਨ ਸਿੰਘ ਵਿਰਕ ਮੇਰੇ ਨਾਲ ਹੀ ਨੇ। ਆਹ ਗੱਲ ਕਰੋ ! ਮੈਂ ਉਨ੍ਹਾਂ ਨੂੰ ਨਾਂਹ ਕਰਨ ਦੀ ਹਾਲਤ 'ਚ ਨਹੀਂ ਸਾਂ। ਹਾਮੀ ਭਰੀ, ਇਹ ਸੋਚ ਕੇ ਕਿ ਯੁਗਾਂਤਰ ਆਸ਼ਰਮ ਸਾਨਫਰਾਂਸਿਸਕੋ ਵਿਚੋਂ ਲੈਕਚਰ ਖ਼ਤਮ ਕਰਨ ਸਾਰ ਹਵਾਈ ਅੱਡੇ ਤੋਂ ਵੈਨਕੂਵਰ ਦੀ ਫਲਾਈਟ ਲੈ ਲਵਾਂਗਾ। ਡੇਢ ਘੰਟੇ ਵਿਚ ਵੈਨਕੂਵਰ ਪੁੱਜ ਜਾਵਾਂਗਾ। ਮੈਂ ਏਦਾਂ ਹੀ ਕੀਤਾ। ਸੈਮੀਨਾਰ ਕਮਾਲ ਦਾ ਸੀ। ਪਹਿਲਾ ਲੈਕਚਰ ਮੇਰਾ ਸੀ। ਮੇਰੇ ਕਈ ਸ਼ੁਭ

ਚਿੰਤਕ ਸਮਾਗਮ ਵਿਚ ਸਨ। ਵਰਿਆਮ ਸਿੰਘ ਸੰਧੂ, ਡਾ. ਸਾਧੂ ਸਿੰਘ, ਸਾਧੂ ਬਿਨਿੰਗ, ਸੋਹਣ ਸਿੰਘ ਪੂਨੀ, ਭੁਪਿੰਦਰ ਮੱਲ੍ਹੀ ਤੇ ਇੰਗਲੈਂਡ ਤੋਂ ਆਏ ਸ. ਬਲਬੀਰ ਸਿੰਘ ਕੰਵਲ ਵਰਗੇ ਵਿਦਵਾਨ ਵੀ।



**ਸੁੱਖੀ ਬਾਠ ਦੀ ਪਹਿਲੀ ਪੰਜਾਬੀ ਭਵਨ ਲੁਧਿਆਣਾ ਫੇਰੀ ਮੌਕੇ ਸਥਾਨਕ ਲੇਖਕ ਸੁਆਗਤ ਕਰ ਰਹੇ ਹਨ**

ਦੂਸਰੇ ਤੀਸਰੇ ਦਿਨ 'ਵੈਨਕੁਵਰ ਵਿਚਾਰ ਮੰਚ' ਵਲੋਂ ਅੰਗਰੇਜ਼ ਸਿੰਘ ਬਰਾੜ ਤੇ ਸਾਥੀਆਂ ਨੇ ਗੀਤਕਾਰ ਤੇ ਫ਼ਿਲਮਸਾਜ਼ ਰਾਜ ਕਾਕੜਾ ਤੇ ਸੁਰੀਲੀ ਗਾਇਕਾ ਰਾਖੀ ਹੁੰਦਲ ਦਾ 'ਰੂ-ਬ-ਰੂ' ਸਟੂਡੀਓ-7 ਵਿਚ ਰੱਖਿਆ ਹੋਇਆ ਸੀ।

ਸੁੱਖੀ ਬਾਠ ਤੇ ਮੈਂ ਲਗਪਗ ਮਹੀਨੇ ਬਾਅਦ ਪ੍ਰਧਾਨਗੀ ਮੰਡਲ ਵਿਚ ਹੀ ਮਿਲੇ ਸਾਂ। ਮੈਂ ਕੰਨ ਵਿਚ ਪੁੱਛਿਆ ਕਿ ਮੇਰੀ ਸਲਾਹ ਦਾ ਕੀ ਬਣਿਆ ? ਸੁੱਖੀ ਬਾਠ ਨੇ ਹੋਰ ਕੁਝ ਨਾ ਕਿਹਾ, ਇਕੋ ਹਰਫ਼ ਬੋਲਿਆ, 'ਡਨ'। ਇਹ ਅੰਗ੍ਰੇਜ਼ੀ ਵਾਲਾ 'ਡਨ' ਸੀ ਜਿਸ ਦਾ ਅਰਥ ਸੀ 'ਹੋ ਗਿਆ'। ਉਸ ਕਿਹਾ, ਵਿਸਥਾਰ 'ਚ ਗੱਲ ਇੰਡੀਆ ਆ ਕੇ ਕਰਾਂਗੇ- ਮੈਂ ਇਸੇ ਮਹੀਨੇ ਦੇ ਅਖ਼ੀਰ 'ਚ ਆ ਰਿਹਾਂ।

ਪੰਦਰਾਂ ਕੁ ਦਿਨਾਂ ਬਾਅਦ ਫ਼ੋਨ ਆਇਆ ਕਿ ਨਾਮ ਫ਼ਾਈਨਲ ਕਰ ਲਈਏ। ਮੈਂ ਪੰਜਾਬੀ ਭਵਨ ਚਾਹੁੰਦਾ ਸੀ ਪਰ ਉਸ ਦੇ ਮਨ ਵਿਚ 'ਪੰਜਾਬ ਭਵਨ' ਭਾਰੂ ਸੀ। ਜਰਨੈਲ ਸਿੰਘ ਆਰਟਿਸਟ ਤੇ ਮੋਹਨ ਗਿੱਲ ਵੀ 'ਪੰਜਾਬ ਭਵਨ' ਦੇ ਹੱਕ ਵਿਚ ਸਨ। ਅਸਾਂ ਰਲ ਕੇ ਜੈਕਾਰਾ ਲਾ ਦਿੱਤਾ। ਜਰਨੈਲ ਸਿੰਘ ਨੇ ਇਸ ਦਾ ਲੋਗੋ ਡੀਜ਼ਾਈਨ ਕਰ ਲਿਆ। ਫ਼ੋਨ ਤੇ ਹੀ ਪੂਰੀ ਯੋਜਨਾਕਾਰੀ ਹੋ ਗਈ।

ਮੈਂ ਵਤਨ ਪਰਤ ਕੇ ਇਸ ਸੰਕਲਪ ਬਾਰੇ ਆਪਣੇ ਮੁਰਸ਼ਦ ਡਾ. ਸ. ਪ. ਸਿੰਘ ਨਾਲ ਵਿਚਾਰ ਸਾਂਝੇ ਕੀਤੇ ਤਾਂ ਉਨ੍ਹਾਂ ਕੁਝ ਹੋਰ ਠੋਸ ਸੁਝਾਅ ਹੋਰ ਦਿੱਤੇ। ਪੰਜਾਬ ਭਵਨ ਵਿਚ ਧੜਕਣ ਭਰਨ ਲਈ ਏਥੇ ਵਿੱਛੜੇ ਲਿਖਾਰੀਆਂ ਦੇ ਚਿੱਤਰ ਵੀ ਸੁਸ਼ੋਭਿਤ ਕਰਨ ਦਾ ਸੁਝਾਅ ਵੀ ਉਨ੍ਹਾਂ ਦੀ ਹੀ ਪ੍ਰੇਰਨਾ ਸੀ। ਡਾ. ਸ. ਪ. ਸਿੰਘ ਜੀ ਨੇ 'ਪੰਜਾਬੀ ਟ੍ਰਿਬਿਊਨ' ਅਖ਼ਬਾਰ ਵਿਚ ਪੰਜਾਬ ਭਵਨ ਦੇ ਸੰਕਲਪ, ਉਦੇਸ਼ ਅਤੇ ਦੂਰਦ੍ਰਿਸ਼ਟੀ ਬਾਰੇ ਨਿਸ਼ਾਨਦੇਹੀ ਕਰ ਦਿੱਤੀ। ਸੁੱਖੀ ਬਾਠ ਪੰਜਾਬ ਆਇਆ ਤਾਂ ਚੰਡੀਗੜ੍ਹ ਪੁੱਜਣ ਸਾਰ ਬਾਬੂਸ਼ਾਹੀ ਡਾਟਕਾਮ ਵਾਲੇ ਮਿੱਤਰ ਬਲਜੀਤ ਬੱਲੀ ਨਾਲ ਗੱਲਬਾਤ ਕਰਦਿਆਂ ਪੰਜਾਬ ਭਵਨ ਸਥਾਪਤ ਕਰਨ ਬਾਰੇ ਐਲਾਨ ਕਰ ਦਿੱਤਾ। ਇਹ ਐਲਾਨ ਹੋਣ ਸਾਰ ਪੂਰੇ ਵਿਸ਼ਵ ਵਿਚ ਹਰਕਤ ਸ਼ੁਰੂ ਹੋ ਗਈ। ਕੀ

ਬਣੇਗਾ, ਕਿਵੇ ਬਣੇਗਾ, ਕਿੱਥੇ ਬਣੇਗਾ? ਗੱਲਾਂ ਹੀ ਨੇ ਜਾਂ ਸੱਚੀਂ ਬਣੇਗਾ? ਜਿੰਨੇ ਮੂੰਹ ਓਨੀਆਂ ਗੱਲਾਂ। ਕੁਝ ਦਿਨਾਂ ਵਿਚ ਹੀ ਇਕ ਕਮੇਟੀ ਬਣਾ ਕੇ ਵਿੱਛੜੇ ਲੇਖਕਾਂ ਦੇ ਨਾਮ ਫ਼ਾਈਨਲ ਕਰਕੇ ਮੈਂ ਚਿੱਤਰ ਵੀ ਫੋਟੋ-ਕਲਾਕਾਰ ਤੇਜ ਪਰਤਾਪ ਸਿੰਘ ਸੰਧੂ ਪਾਸੋਂ ਤਿਆਰ ਕਰਵਾ ਲਏ। ਬਹੁਤੇ ਚਿਤਰ ਤਾਂ ਮੌਲਿਕ ਸਨ, ਕਿਤੇ ਨਹੀਂ ਸਨ ਪ੍ਰਦਰਸ਼ਿਤ ਹੋਏ, ਕਿਉਂਕਿ ਸੰਧੂ ਸਟੂਡੀਉ ਵਿਚ ਹੀ ਤਿਆਰ ਕੀਤੇ ਗਏ ਸਨ। ਬਾਬਾ ਫ਼ਰੀਦ ਤੋਂ ਲੈ ਕੇ ਵਰਤਮਾਨ ਯੁਗ ਦੇ ਵਿੱਛੜੇ ਲਿਖਾਰੀਆਂ ਦੇ ਚਿਤਰ ਪ੍ਰਦਰਸ਼ਨੀ ਲਈ ਤਿਆਰ ਸਨ।

ਉਦਘਾਟਨ ਦੀ ਤਰੀਕ ਮਿਥ ਲਈ ਗਈ।

2 ਅਕਤੂਬਰ, 2016 ਨੂੰ ਪੰਜਾਬ ਭਵਨ ਦਾ ਉਦਘਾਟਨ ਰੱਖ ਲਿਆ ਗਿਆ। ਮੈਨੂੰ ਸੁੱਖੀ ਬਾਠ ਨੇ ਟਿਕਟ ਬੁੱਕ ਕਰਵਾ ਕੇ ਹੀ ਦੱਸਿਆ ਕਿ ਫਲਾਣੇ ਦਿਨ ਤੇਰੀ ਦਿੱਲੀਉਂ ਫਲਾਈਟ ਹੈ। ਮੈਂ ਪਹਿਲਾਂ ਕੁਝ ਦੋਚਿੱਤੀ ਵਿਚ ਸੀ ਪਰ ਮੁਹੱਬਤ ਭਰੇ ਸੱਦੇ ਤੇ ਵਤੀਰੇ ਅੱਗੇ ਮੈਂ ਨਿਸ਼ਬਦ ਸਾਂ। ਪਿਆਰੇ ਵੀਰ ਤੇਜ ਪਰਤਾਪ ਸਿੰਘ ਸੰਧੂ ਪਾਸੋਂ ਲੇਖਕਾਂ ਦੇ ਫੋਟੋ ਚਿਤਰ ਲਏ ਤੇ ਸਮਾਨ ਵਿਚ ਸੁਰੱਖਿਅਤ ਰੱਖ ਲਏ। ਤਿੰਨ ਚਾਰ ਦਿਨ ਪਹਿਲਾਂ ਪਹੁੰਚਣ ਦਾ ਲਾਭ ਇਹ ਹੋਇਆ ਕਿ ਕੁਝ ਪ੍ਰਬੰਧਕੀ ਤੇ ਸੰਚਾਰ ਪਸਾਰ ਪੱਖੋਂ ਕੁਝ ਕੰਮ ਮੈਂ ਕਰ ਸਕਿਆ। ਰੇਡੀਓ ਤੇ ਟੀ. ਵੀ. ਚੈਨਲਜ਼ ਤੇ ਮੈਨੂੰ ਹਰ ਥਾਂ ਸੁੱਖੀ ਬਾਠ ਆਪ ਲੈ ਕੇ ਗਿਆ। 'ਪੰਜਾਬ ਭਵਨ' ਦੇ ਸੰਕਲਪ, ਵਰਤੋਂ ਯੋਗਤਾ, ਸੁਰੱਖਿਅਤ ਭਵਿੱਖ ਅਤੇ ਸਬੰਧਤ ਵਿਸ਼ਿਆਂ ਬਾਰੇ ਵੀ ਵੱਖ ਵੱਖ ਰੇਡੀਉ ਤੇ ਟੀ.ਵੀ. ਚੈਨਲਜ਼ ਨਾਲ ਮੇਰੀ ਗੁਫ਼ਤਗੂ ਕਰਵਾਈ ਗਈ। ਪੂਰੇ ਬ੍ਰਿਟਿਸ਼ ਕੋਲੰਬੀਆ ਵਿਚ ਬੇਅੰਤ ਉਤਸ਼ਾਹ ਸੀ ਪੰਜਾਬ ਭਵਨ ਲਈ। ਵਿਆਹ ਵਰਗਾ ਮਾਹੌਲ ਸੀ ਪੂਰੇ ਪੰਜਾਬ ਭਵਨ ਦੇ ਸੁਪਨੇ ਦੁਆਲੇ। ਵੱਖ ਵੱਖ ਧਿਰਾਂ ਸਹਿਯੋਗੀ ਹੱਥ ਵਧਾ ਰਹੀਆਂ ਸਨ। ਪੰਜਾਬ ਭਵਨ ਦੇ ਅੰਦਰ ਇਕ ਦੀਵਾਰ ਨੂੰ 'ਹਾਲ ਆਫ਼ ਫੇਮ' ਨਾਂ ਹੇਠ ਸੁਰੱਖਿਅਤ ਕੀਤਾ ਗਿਆ ਸੀ। ਇਸ ਦੇ ਵਿਚਕਾਰ ਸੁੱਖੀ ਬਾਠ ਦੇ ਸਤਿਕਾਰਯੋਗ ਪਿਤਾ ਜੀ ਸ. ਅਰਜਨ ਸਿੰਘ ਬਾਠ ਦੀ ਤਸਵੀਰ ਲਾਈ ਗਈ ਕਿਉਂਕਿ ਇਹ ਪੰਜਾਬ ਭਵਨ ਉਨ੍ਹਾਂ ਦੀ ਯਾਦ ਵਿਚ ਹੀ ਤਾਂ ਸਥਾਪਤ ਕੀਤਾ ਗਿਆ ਸੀ। ਜਰਨੈਲ ਸਿੰਘ ਆਰਟਿਸਟ ਨੇ ਪੂਰੀ ਦਿਲਚਸਪੀ ਲੈ ਕੇ ਸਭ ਸਥਾਨਕ ਲੇਖਕਾਂ ਦੀਆਂ ਤਸਵੀਰਾਂ ਲਗਵਾਈਆਂ ਲੇਖਕ/ਲੇਖਿਕਾਵਾਂ ਸਹਿਯੋਗ ਦੇ ਰਹੀਆਂ ਸਨ।



**ਪੰਜਾਬ ਭਵਨ ਦੇ ਉਦਘਾਟਨੀ ਸਮਾਗਮ ਮੌਕੇ ਦੀ ਤਸਵੀਰ**

ਉਦਘਾਟਨ ਕੌਣ ਕਰੇ ? ਇਹ ਸੁਆਲ ਵੀ ਸੁੱਖੀ ਬਾਠ ਤੇ ਮੇਰੇ ਨਾਲ ਕੁਝ ਮਿੱਤਰਾਂ ਨੇ ਹੱਲ ਕਰ ਲਿਆ। ਸੁੱਖੀ ਬਾਠ ਦੇ ਸਭ ਤੋਂ ਵੱਡੇ ਭੈਣ ਸੀ ਸਰਦਾਰਨੀ ਗਿਆਨ ਕੌਰ ਤੇ ਪੋਤਰੀ ਨਿਮਰਤ ਇਹ ਪਰਦਾ ਚੁੱਕਣਗੀਆ। ਬਾਪੂ ਅਰਜਨ ਸਿੰਘ ਦੀ ਅੰਸ ਬੰਸ।


ਉਦਘਾਟਨੀ ਸਮਾਗਮ ਵਿਚ ਪੰਜਾਬ ਤੋਂ 'ਚੜ੍ਹਦੀ ਕਲਾ ਟਾਈਮ ਟੀ. ਵੀ.' ਵਾਲੇ ਸਵ. ਸਤਬੀਰ ਸਿੰਘ ਦਰਦੀ, ਲੋਕ ਗਾਇਕ ਸਰਬਜੀਤ ਚੀਮਾ, ਬਾਬੂਸ਼ਾਹੀ ਟਾਈਮਜ਼ ਦੇ ਮੁੱਖ ਸੰਪਾਦਕ ਤੇ ਪ੍ਰਸਿੱਧ ਪੱਤਰਕਾਰ ਬਲਜੀਤ ਬੱਲੀ ਤੇ ਉਨ੍ਹਾਂ ਦੀ ਜੀਵਨ ਸਾਥਣ ਤ੍ਰਿਪਤਾ ਬੱਲੀ ਜੀ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲੇ ਪ੍ਰੋਫ਼ੈਸਰ ਹਰਜਿੰਦਰ ਸਿੰਘ ਵਾਲੀਆ ਵੀ ਪੁੱਜੇ। ਬਹੁਤ ਮੁੱਲਵਾਨ ਵਿਚਾਰਾਂ ਹੋਈਆਂ। ਮੀਡੀਆ ਜਗਤ ਦੇ ਬੁਲੰਦ ਚਿਹਰੇ ਤੇ ਰੇਡੀਓ ਰੈੱਡ. ਐੱਫ਼. ਐੱਮ ਦੇ ਪ੍ਰਮੁੱਖ ਪੇਸ਼ਕਾਰ ਹਰਜਿੰਦਰ ਥਿੰਦ ਤੇ ਦੇਵਿੰਦਰ ਸਿੰਘ ਬੈਨੀਪਾਲ ਨੇ ਵੀ ਤਕਰੀਰ ਕੀਤੀ। ਕੁਝ ਨਾਮ ਭੁੱਲ ਗਏ ਨੇ ਹੁਣ। ਮੀਰਾ ਗਿੱਲ ਤੇ ਬਲਜਿੰਦਰ ਕੌਰ ਤਾਂ ਪ੍ਰਬੰਧਕੀ ਕਾਰਜਾਂ ਦਾ ਮੁੱਖ ਅੰਗ ਸਨ। ਪੰਜਾਬ ਭਵਨ ਦੇ ਕੋਆਰਡੀਨੇਟਰ ਪੰਜਾਬੀ ਸ਼ਾਇਰ ਕਵਿੰਦਰ ਚਾਂਦ ਨੇ ਮੰਚ ਸੰਚਾਲਨ ਕਰਨ ਦੇ ਨਾਲ ਨਾਲ ਇਸ ਭਵਨ ਦੀ ਰੂਪ ਰੇਖਾ ਅਤੇ ਆਸ਼ੇ ਉਦੇਸ਼ ਬਾਰੇ ਵੀ ਦੱਸਿਆ। ਸੁੱਖੀ ਬਾਠ ਦੇ ਨਾਲ ਉਨ੍ਹਾਂ ਦੇ ਨਿਕਟ ਵਰਤੀ ਰਿਸ਼ਤੇਦਾਰ ਤੇ ਮਿੱਤਰ ਪਿਆਰੇ ਸ. ਸੁਖਵਿੰਦਰ ਸਿੰਘ 'ਬਿੱਲਾ ਸੰਧੂ', ਸ. ਬਲਬੀਰ ਸਿੰਘ ਢੱਟ, ਜਰਨੈਲ ਸਿੰਘ ਚਿੱਤਰਕਾਰ ਅਮਰੀਕ ਪਲਾਹੀ ਤੇ ਪੰਜਾਬੀ ਸ਼ਾਇਰ ਮੋਹਨ ਗਿੱਲ ਮਿੱਤਰਾਂ ਸਮੇਤ ਊਰੀ ਵਾਂਗ ਘੁੰਮ ਰਹੇ ਸਨ। ਦਰਜ਼ਾ ਬ ਦਰਜ਼ਾ ਸਭ ਨੂੰ ਜੀ ਆਇਆਂ ਕਹਿਣ ਦੇ ਨਾਲ ਨਾਲ ਚਾਵਾਂ ਦੀ ਖੇਤੀ ਕਰ ਰਹੇ ਸਨ। ਬਿੱਲਾ ਸੰਧੂ ਦੇ ਚੈਨਲ 'ਸਾਂਝਾ' ਨੇ ਇਸ ਸਮਾਗਮ ਦੀ ਪੂਰੀ ਰੀਕਾਰਡਿੰਗ ਕੀਤੀ।

ਉਦਘਾਟਨ ਭੈਣ ਜੀ ਗਿਆਨ ਕੌਰ ਤੇ ਨਿਮਰਤ ਬਾਠ ਨੇ ਪਰਦਾ ਚੁੱਕ ਕੇ ਕੀਤਾ।




ਪਹਿਲੀ ਵਿਸ਼ਵ ਪੰਜਾਬੀ ਕਾਨਫ਼ਰੰਸ ਮੌਕੇ ਡਾ. ਸੁਰਜੀਤ ਪਾਤਰ, ਡਾ. ਵਰਿਆਮ ਸੰਧੂ, ਜਰਨੈਲ ਸੇਖਾ ਤੇ ਅਮਰੀਕ ਪਲਾਹੀ ਮੈਨੂੰ ਸਨਮਾਨ ਚਿੰਨ ਭੇਂਟ ਕਰ ਰਹੇ ਹਨ


ਮੈਂ ਤੇ ਮੇਰੀ ਜੀਵਨ ਸਾਥਣ ਜਸਵਿੰਦਰ ਕੌਰ, ਸੁੱਖੀ ਬਾਠ ਦਾ ਆਪਣੇ ਘਰ ਪਹਿਲੀ ਫੇਰੀ ਵੇਲੇ ਫੁੱਲਾਂ ਨਾਲ ਸੁਆਗਤ ਕਰਦਿਆਂ



**‘ਸ਼ਗਨਾਂ ਵੇਲਾ’ ਪੁਸਤਕ ਲੋਕ ਅਰਪਨ ਕਰਦਿਆਂ ਸੁੱਖੀ ਬਾਠ ਤੇ ਮਿੱਤਰ ਭਾਈਚਾਰਾ**

ਮੈਨੂੰ ਮਾਣ ਦਿੱਤਾ ਗਿਆ ਕਿ ਮੈਂ ਵੀ ਸੁੱਖੀ ਬਾਠ ਉਨ੍ਹਾਂ ਦੀ ਜੀਵਨ ਸਾਥਣ ਸੁਖਵਿੰਦਰ ਕੌਰ ਬਾਠ ਤੇ ਬਲਜੀਤ ਬੱਲੀ ਸਮੇਤ ਇਸ ਸ਼ਗਨਾਂ ਮੱਤੇ ਪਲ ਦਾ ਹਿੱਸਾ ਬਣਾ। ਸੱਚ ਮੰਨਿਓ ! ਮੈਨੂੰ ਬਹੁਤ ਹੀ ਚੰਗਾ ਲੱਗਾ ਕਿਉਂਕਿ ਤੇਰਾਂ ਸਾਲ ਪਹਿਲਾਂ ਲਏ ਸੁਪਨੇ ਨੇ ਆਕਾਰ ਧਾਰਿਆ ਸੀ। ਮੈਂ ਅੱਖਾਂ ਬੰਦ ਕਰਕੇ ਆਪਣੇ ਪੁਰਖ਼ਿਆਂ, ਅਧਿਆਪਕਾਂ ਤੇ ਸਮਾਜਿਕ ਚੌਗਿਰਦੇ ਦਾ ਸ਼ੁਕਰਾਨਾ ਕੀਤਾ ਜਿਸ ਨੇ ਮੈਨੂੰ ਵਕਤ ਤੋਂ ਪਾਰ ਵੇਖਣ ਦੀ ਤੌਫ਼ੀਕ ਬਖਸ਼ੀ। ਸੁਪਨੇ ਕਦੇ ਏਦਾਂ ਵੀ ਸੱਚ ਹੁੰਦੇ ਨੇ, ਕਦੇ ਨਹੀਂ ਸੀ ਸੋਚਿਆ।



**ਵਿਸ਼ਵ ਪੰਜਾਬੀ ਭਵਨ, ਬਰੈਂਪਟਨ ਵਿਖੇ ਗੁਰਭਜਨ ਗਿੱਲ ਦੀ ਪੁਸਤਕ ‘ਅੱਖਰ ਅੱਖਰ’ ਰਿਲੀਜ਼ ਕਰਦੇ ਹੋਏ**

ਇਸ ਸਾਲ ਪੰਜਾਬ ਭਵਨ ਦੀ ਸਥਾਪਨਾ ਦਾ ਸਤਵਾਂ ਸਾਲ ਹੈ। ਪਹਿਲੀ ਵਿਸ਼ਵ ਪੰਜਾਬੀ ਕਾਨਫ਼ਰੰਸ ਵਰਗੀ ਦੋ ਰੋਜ਼ਾ ਇਕੱਤਰਤਾ ਵਿਚ ਮੈਂ 2017 ਵਿਚ ਸ਼ਾਮਿਲ ਹੋਇਆ। ਬਹੁਤ ਚੰਗੀ ਕਾਨਫ਼ਰੰਸ ਸੀ ਜਿਸ ਵਿਚ ਗੁਰਚਰਨ ਰਾਮਪੁਰੀ ਜੀ ਦਾ ਸਨਮਾਨ ਕੀਤਾ ਗਿਆ ਪੰਜਾਬ ਤੋਂ ਡਾ. ਸੁਰਜੀਤ ਪਾਤਰ ਨੂੰ ਵੀ ਬੁਲਾਇਆ ਗਿਆ ਸੀ। ਟੋਰੰਟੋ ਤੋਂ ਵਰਿਆਮ ਸਿੰਘ ਸੰਧੂ ਤੇ ਪ੍ਰਿੰਸੀਪਲ ਸਰਵਣ ਸਿੰਘ ਜੀ ਵੀ ਪਹੁੰਚੇ ਹੋਏ ਸਨ। ਸਭਨਾਂ ਨੇ ਪੰਜਾਬ ਭਵਨ

ਵੱਲੋਂ ਗੁਰਚਰਨ ਰਾਮਪੁਰੀ ਜੀ ਦਾ ਰਲ਼ ਕੇ ਆਦਰ ਕੀਤਾ ਗਿਆ। ਮੈਂ ਆਪਣੀ ਜੀਵਨ ਸਾਥਣ ਜਸਵਿੰਦਰ ਕੌਰ ਸਮੇਤ ਇਸ ਸਮਾਗਮ ਵਿਚ ਸ਼ਾਮਲ ਹੋਇਆ। ਇਹ ਗੱਲਾਂ ਲਿਖਦੇ ਮੈਨੂੰ ਟੋਰਂਟੋ (ਕੈਨੇਡਾ) ਤੋਂ ਡਾ. ਦਲਬੀਰ ਸਿੰਘ ਕਥੂਰੀਆ ਜੀ ਦਾ ਫ਼ੋਨ ਆਇਆ ਕਿ ਪੰਜਾਬ ਭਵਨ ਉਸਾਰਨ ਦਾ ਜਿਹੜਾ ਸੁਪਨਾ ਤੁਸੀਂ 2003 ਵਿਚ ਦੇ ਕੇ ਗਏ ਸੀ ਉਸ ਨੂੰ ਪੂਰਾ ਕਰਨ ਲੱਗੇ ਹਾਂ, ਆਸ਼ੀਰਵਾਦ ਦਿਉ ਤੇ ਇਸ ਮੌਕੇ ਤੇ ਆਪ ਆ ਕੇ ਇਸ ਪਲ ਦੀ ਰੌਣਕ ਵਧਾਉ। ਮੈਂ ਸਾਫ਼ ਸਪਸ਼ਟ ਕਹਿ ਦਿੱਤਾ ਕਿ ਮੈਂ ਲੰਮੇ ਹਵਾਈ ਸਫ਼ਰ ਤੋਂ ਟਲ਼ਦਾ ਹਾਂ। ਇਸਦਾ ਉਤਘਾਟਨ ਆਪਣੇ ਸਤਿਕਾਰਯੋਗ ਬਾਪੂ ਜੀ ਸ. ਸੁਬੇਗ ਸਿੰਘ ਪਾਸੋਂ ਕਰਵਾਉ! ਮੈਂ ਏਥੇ ਬੈਠਾ ਹੀ ਤੁਹਾਡੇ ਚਾਵਾਂ ’ਚ ਸ਼ਾਮਲ ਰਹਾਂਗਾ। ਖ਼ੁਸ਼ੀ ਦੀ ਗੱਲ ਹੈ ਕਿ ਲਗਪਗ 150 ਸੀਟਾਂ ਵਾਲਾ ‘ਵਿਸ਼ਵ ਪੰਜਾਬੀ ਭਵਨ’ ਕਥੂਰੀਆ ਪਰਿਵਾਰ ਵੱਲੋਂ ਸਥਾਪਤ ਕਰ ਦਿੱਤਾ ਗਿਆ ਹੈ ਜਿਸ ਦਾ ਉਦਘਾਟਨ 27 ਅਗਸਤ ਨੂੰ ਹੋ ਗਿਆ ਹੈ। ਮੇਰੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ ਹੈ। ਜਿਸਦੇ ਸੁਪਨਿਆਂ ਦਾ ਬੂਰ ਫ਼ਲ ’ਚ ਤਬਦੀਲ ਹੋ ਜਾਵੇ, ਉਸ ਵਰਗਾ ਸੁਭਾਗਾ ਕੌਣ ਹੈ ? ਏਨੀ ਕੁ ਬਾਤ ਪ੍ਰਵਾਨ ਕਰੋ ਬਾਕੀ ਕਦੇ ਫਿਰ ਸਹੀ

**ਪ੍ਰੋ. ਗੁਰਭਜਨ ਸਿੰਘ ਗਿੱਲ**
**ਚੇਅਰਮੈਨ, ਪੰਜਾਬੀ ਲੋਕ ਵਿਰਾਸਤ ਅਕਾਡਮੀ**
**ਲੁਧਿਆਣਾ**



**‘ਵਿਸ਼ਵ ਪੰਜਾਬੀ ਭਵਨ’ ਬਰੈਂਪਟਨ ਦਾ ਉਦਘਾਟਨ ਕਰਦੇ ਹੋਏ ਸ. ਸੁਬੇਗ ਸਿੰਘ ਕਥੂਰੀਆ ਤੇ ਹੋਰ**

# ਪੰਜਾਬ ਭਵਨ ਸਰੀ ਬੀ. ਸੀ.

## ਜਰਨੈਲ ਸਿੰਘ ਸੇਖਾ



ਜਦੋਂ ਮਨੁੱਖ, ਕਿਸੇ ਕਾਰਨ, ਆਪਣਾ ਦੇਸ਼ ਛੱਡ ਕੇ ਕਿਸੇ ਹੋਰ ਦੇਸ਼ ਦਾ ਵਸਨੀਕ ਬਣਦਾ ਹੈ ਤਾਂ ਉਸ ਦੀ ਬੋਲੀ ਤੇ ਉਸਦਾ ਸੱਭਿਆਚਾਰ ਵੀ ਉਸ ਦੇ ਨਾਲ ਜਾਂਦਾ ਹੈ। ਨਵੇਂ ਸਥਾਨ 'ਤੇ ਸਥਾਪਤ ਹੋਣ ਲਈ ਉਸ ਨੂੰ ਅਨੇਕ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਔਕੜਾਂ ਝਾਗਦਿਆਂ ਉਸ ਨੂੰ ਇਹ ਵੀ ਮਹਿਸੂਸ ਹੁੰਦਾ ਹੈ ਕਿ ਉਸ ਦੀ ਬੋਲੀ ਤੇ ਸੱਭਿਆਚਾਰ ਨੂੰ ਮੁੱਖ ਧਾਰਾ ਦੀ ਬੋਲੀ ਤੇ ਸੱਭਿਆਚਾਰ ਨੇ ਨਿਗਲ ਜਾਣਾ ਹੈ। ਸੋ ਉਹ ਆਪਣੀ ਬੋਲੀ ਤੇ ਸੱਭਿਆਚਾਰ ਨੂੰ ਬਚਾਉਣ ਲਈ ਹੀਲੇ ਵਸੀਲੇ ਪੈਦਾ ਕਰਦਾ ਹੈ।

ਬਹੁਤ ਸਾਰੇ ਪੰਜਾਬੀ ਰੁਜ਼ਗਾਰ ਖ਼ਾਤਰ ਕੋਈ ਸਵਾ ਕੁ ਸੌ ਸਾਲ ਪਹਿਲਾਂ ਕੈਨੇਡਾ ਦੇ ਸੂਬੇ, ਬੀ. ਸੀ. ਦੇ ਵਸਨੀਕ ਬਣੇ। ਉਹਨਾਂ ਨੂੰ ਵੀ ਉਹੋ ਜੇਹੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ, ਜਿਹੜੀਆਂ ਨਵੇਂ ਪਰਵਾਸੀਆਂ ਨੂੰ ਝੱਲਣੀਆਂ ਪੈਂਦੀਆਂ ਸਨ। ਵੱਡੀ ਮਸੀਬਤ ਸੀ ਆਪਣੀ ਬੋਲੀ ਦਾ ਤਿਆਗ ਤੇ ਮੁੱਖਧਾਰਾ ਦੀ ਬੋਲੀ ਨੂੰ ਸਿੱਖਣਾ। ਮੁੱਖਧਾਰਾ ਦੀ ਬੋਲੀ ਨੂੰ ਸਿੱਖਣ ਵਿਚ ਕੋਈ ਔਖਿਆਈ ਨਹੀਂ ਸੀ, ਫ਼ਿਕਰ ਸੀ ਆਪਣੀ ਬੋਲੀ ਨੂੰ ਬਚਾਉਣ ਦਾ। ਕਿਉਂਕਿ ਪੰਜਾਬੀ ਪਰਵਾਸੀ ਬਹੁਤੇ ਸਿੱਖ ਮਜ਼੍ਹਬ ਨਾਲ ਸਬੰਧ ਰੱਖਦੇ ਸਨ, ਉਹਨਾਂ ਆਪਣੀ ਬੋਲੀ ਤੇ ਸਭਿਆਚਾਰ ਨੂੰ ਬਚਾਉਣ ਲਈ ਸਭ ਤੋਂ ਪਹਿਲਾਂ ਵੈਨਕੂਵਰ ਅਤੇ ਹੋਰ ਸ਼ਹਿਰਾਂ ਵਿਚ ਗੁਰਦਵਾਰਿਆਂ ਦੀ ਸਥਪਾਨਾ ਕੀਤੀ। ਗੁਰਦਵਾਰਿਆਂ ਵਿਚ ਮਿਲ ਬੈਠ ਵਿਚਾਰਾਂ ਕਰਨੀਆਂ, ਉੱਥੇ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਕਰਨਾ, 'ਦੇਸ ਸੇਵਕ' ਤੇ 'ਗ਼ਦਰ' ਅਖ਼ਬਾਰ ਚਾਲੂ ਕਰਨਾ, ਇਹ ਸਭ ਆਪਣੀ ਬੋਲੀ ਤੇ ਸੱਭਿਆਚਾਰ ਨੂੰ ਬਚਾਉਣ ਦੇ ਹੀਲੇ



ਪੰਜਾਬ ਭਵਨ ਦੇ ਵਿਹੜੇ ਜਰਨੈਲ ਸਿੰਘ ਚਿੱਤਰਕਾਰ, ਜਰਨੈਲ ਸਿੰਘ ਸੇਖਾ, ਮੋਹਨ ਗਿੱਲ ਤੇ ਦਲਜੀਤ ਸਿੰਘ ਸ਼ਾਹੀ

ਵਸੀਲੇ ਹੀ ਤਾਂ ਸਨ। ਜਿਵੇਂ ਜਿਵੇਂ ਕੈਨੇਡਾ ਵਿਚ ਪੰਜਾਬੀ ਪਰਵਾਸੀਆਂ ਦੀ ਵੱਸੋਂ ਵਧਦੀ ਗਈ, ਪੰਜਾਬੀ ਅਖ਼ਬਾਰ, ਰੇਡੀਓ 'ਤੇ ਪੰਜਾਬੀ ਪ੍ਰੋਗਰਾਮ, ਟੀ.ਵੀ. ਰਾਹੀਂ ਪੰਜਾਬੀ ਪ੍ਰੋਗਰਾਮਾਂ ਦਾ ਸਿਲਸਿਲਾ ਵੀ ਸ਼ੁਰੂ ਹੋ ਗਿਆ।

ਸੰਨ 1973 ਵਿਚ ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ ਪੰਜਾਬੀ ਸਾਹਿਤ ਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਯਤਨ ਅਰੰਭੇ ਗਏ। ਉਸ ਤੋਂ ਮਗਰੋਂ ਹੋਰ ਵੀ ਬਹੁਤ ਸਾਰੀਆਂ ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ ਹੋਂਦ ਵਿਚ ਆ ਗਈਆਂ, ਜਿਨ੍ਹਾਂ ਵਿਚ ਪੰਜਾਬੀ ਡਰਾਮੇ ਕਰਵਾਉਣ, ਭੰਗੜੇ ਤੇ ਹੋਰ ਗੀਤ/ਸੰਗੀਤ ਨੂੰ ਸਮਰਪਿਤ ਸੰਸਥਾਵਾਂ ਵੀ ਸਨ। ਪਲੀਅ (ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ) ਨਾਮ ਦੀ ਸੰਸਥਾ ਨੇ ਬੀ. ਸੀ. ਦੇ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਲਈ ਜੱਦੋ-ਜ਼ਹਿਦ ਅਰੰਭ ਕੀਤੀ ਤੇ ਸਫ਼ਲਤਾ ਪ੍ਰਾਪਤ ਕੀਤੀ।



ਡਾ. ਸ. ਪ. ਸਿੰਘ ਨੂੰ ਪੰਜਾਬ ਭਵਨ ਵਿਖੇ ਸਨਮਾਨਿਤ ਕਰਦੇ ਹੋਏ

ਕੈਨੇਡਾ ਵਿਚ ਪੰਜਾਬੀ ਬੋਲੀ, ਪੰਜਾਬੀ ਸਾਹਿਤ ਤੇ ਪੰਜਾਬੀ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਜਿੱਥੇ ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ ਨੇ ਅਪਣਾ ਯੋਗਦਾਨ ਪਾਇਆ, ਉੱਥੇ ਬਹੁਤ ਸਾਰੇ ਕਾਰੋਬਾਰੀਆਂ ਨੇ ਵੀ ਬੜੀ ਸੁਹਿਰਦਤਾ ਨਾਲ ਉਹਨਾਂ ਸੰਸਥਾਵਾਂ ਦੀ ਆਰਥਿਕ ਸਹਾਇਤਾ ਕਰਕੇ ਜਾਂ ਕਿਸੇ ਹੋਰ ਢੰਗਾਂ ਰਾਹੀਂ ਆਪਣੀ ਬੋਲੀ, ਸਾਹਿਤ ਤੇ ਸੱਭਿਆਚਾਰ ਦੀ ਸੇਵਾ ਕੀਤੀ, ਪਰੰਤੂ ਸਰੀ ਵਿਚ ਰਹਿੰਦੇ ਕਾਰੋਬਾਰੀ ਸ੍ਰੀ ਸੁੱਖੀ ਬਾਠ ਨੇ 'ਪੰਜਾਬ ਭਵਨ' ਦੀ ਸਥਾਪਨਾ ਕਰ ਕੇ ਇਕ ਵਿਲੱਖਣ ਕਾਰਜ ਕੀਤਾ ਹੈ। ਪੰਜਾਬ ਭਵਨ ਦੀ ਇਮਾਰਤ ਸੁੱਖੀ ਬਾਠ ਸ਼ਾਪਿੰਗ ਸੈਂਟਰ, 15437-ਫਰੇਜ਼ਰ ਹਾਈਵੇਅ ਸਰੀ, ਬੀ.ਸੀ. ਦੇ ਕੋਨੇ ਵਿਚ ਹੈ। ਪਹਿਲਾਂ ਵੀ ਇਸ ਇਮਾਰਤ ਵਿਚ 'ਸਟੂਡੀਓ 07' ਦੇ ਨਾਮ ਹੇਠ, ਕਈ ਪ੍ਰੋਗਰਾਮ ਕਰਵਾਏ ਜਾਂਦੇ ਸਨ। ਉੱਥੇ ਸਮਾਜ ਸੇਵੀ ਸੰਸਥਵਾਂ ਤੇ ਕਈ ਲੇਖਕ ਸਭਾਵਾਂ ਨੂੰ ਆਪਣੇ ਸਮਾਗਮ ਕਰਵਾਉਣ ਲਈ ਮੁਫ਼ਤ ਸਹੂਲਤ ਦਿੱਤੀ ਹੋਈ ਸੀ ਅਤੇ ਚਾਹ ਪਾਣੀ ਦਾ ਪ੍ਰਬੰਧ ਵੀ ਸੁੱਖੀ ਬਾਠ ਵਲੋਂ ਹੀ ਕੀਤਾ ਜਾਂਦਾ ਸੀ। ਉਹਨਾਂ ਸਮਾਗਮਾਂ ਵਿਚ ਸ਼ਾਮਿਲ ਹੋਣ ਦਾ ਮੈਨੂੰ ਵੀ ਮੌਕਾ ਮਿਲਦਾ ਰਿਹਾ ਹੈ।

ਕੈਨੇਡਾ ਫੇਰੀ 'ਤੇ ਆਏ ਪ੍ਰੋ. ਗੁਰਭਜਨ ਗਿੱਲ ਦਾ ਵਿਚਾਰ ਸੀ ਕਿ ਇਸ ਬਿਲਡਿੰਗ ਦਾ ਨਾਮ 'ਸਟੂਡੀਓ 07' ਦੀ ਥਾਂ ਕੋਈ ਪੰਜਾਬੀ ਦਿੱਖ ਵਾਲਾ ਹੋਣਾ ਚਾਹੀਦਾ ਹੈ। ਨਾਮ ਉੱਪਰ ਵਿਚਾਰ ਕਰਨ ਲਈ ਸੁੱਖੀ ਬਾਠ ਜੀ ਨੇ ਕੁਝ ਮੈਂਬਰਾਂ ਦੀ ਇਕ ਕਮੇਟੀ ਬਣਾਈ ਜਿਸ ਵਿਚ ਮੈਂ ਵੀ ਸ਼ਾਮਿਲ ਸੀ। ਵਿਚਾਰ ਵਟਾਂਦਰੇ ਮਗਰੋਂ ਬਹੁਸੰਮਤੀ ਵਲੋਂ 'ਪੰਜਾਬ ਭਵਨ' ਨਾਮ ਉੱਪਰ ਸਹਿਮਤੀ ਹੋ ਗਈ। ਉਸ ਬੈਠਕ ਵਿਚ ਹੀ ਸੁੱਖੀ ਬਾਠ ਜੀ ਨੇ ਪੰਜਾਬ ਭਵਨ ਦੇ ਵਿਹੜੇ ਵਿਚ ਇਕ ਅੰਤਰਰਾਸ਼ਟਰੀ ਕਾਨਫ਼ਰੰਸ ਕਰਵਾਉਣ ਦੀ ਖਾਹਸ਼ ਪ੍ਰਗਟਾਈ। ਸਾਰੇ ਮੈਂਬਰਾਂ ਨੇ ਇਕ ਮੱਤ ਹੋ ਕੇ ਕਾਨਫ਼ਰੰਸ ਕਰਵਾਉਣ ਲਈ 'ਹਾਂ' ਕਹਿ ਦਿੱਤੀ। ਬਾਠ ਸਾਹਿਬ ਨੇ ਨਾਲ ਹੀ ਇਹ ਸ਼ਰਤ ਰੱਖ ਦਿੱਤੀ ਕਿ ਕਾਨਫ਼ਰੰਸ 'ਤੇ ਹੋਣ ਵਾਲਾ ਸਾਰਾ ਖਰਚ ਉਹਨਾਂ ਵਲੋਂ ਕੀਤਾ ਜਾਵੇਗਾ, ਪਰ ਪ੍ਰਬੰਧ ਤੁਹਾਡੇ ਵਲੋਂ ਕੀਤਾ ਜਾਵੇਗਾ। ਕਾਨਫ਼ਰੰਸ ਕਰਵਾਉਣ ਲਈ ਇਕ ਸਲਾਹਕਾਰ ਕਮੇਟੀ ਬਣਾਈ ਗਈ। ਉਸ ਕਮੇਟੀ ਵਿਚ ਮੇਰਾ ਨਾਮ ਵੀ ਸ਼ਾਮਿਲ ਸੀ। ਉਸ ਸਲਾਹਕਾਰ ਕਮੇਟੀ ਨੇ ਹੀ ਕਾਨਫ਼ਰੰਸ ਸਮੇਂ ਪ੍ਰਬੰਧਕ ਕਮੇਟੀ ਦਾ ਰੂਪ ਧਾਰਨ ਕਰ ਜਾਣਾ ਸੀ।



**ਚਮਕੌਰ ਸਿੰਘ ਸੇਖੋਂ, ਕਹਾਣੀਕਾਰ ਵਰਿਆਮ ਸੰਧੂ, ਜਰਨੈਲ ਸੇਖਾ, ਪ੍ਰਿੰ. ਸਰਵਣ ਸਿੰਘ**

ਪੰਜਾਬ ਭਵਨ ਨਾਮ ਰੱਖੇ ਜਾਣ ਬਾਅਦ ਉੱਥੋਂ ਦੀਆਂ ਗਤੀਵਧੀਆਂ ਬਹੁਤ ਵਧ ਗਈਆਂ ਸਨ। ਪੰਜਾਬੀ ਨਾਲ ਸਬੰਧਤ ਪ੍ਰੋਗਰਾਮਾਂ ਤੋਂ ਬਿਨਾਂ ਹੋਰ ਸਮਾਜਸੇਵੀ ਅਦਾਰੇ ਵੀ ਪੰਜਾਬ ਭਵਨ ਵਿਚ ਆਪਣੇ ਪ੍ਰੋਗਰਾਮ ਕਰਵਾਉਣ ਲੱਗੇ। ਪੰਜਾਬੀ ਪਰਵਾਸੀਆਂ ਤੋਂ ਬਿਨਾਂ ਬਾਠ ਸਾਹਿਬ ਨੇ ਹੋਰ ਦੇਸਾਂ ਤੋਂ ਆਏ ਪਰਵਾਸੀਆਂ ਦੇ ਸਮਾਜ ਸੇਵੀ ਸੰਗਠਨ ਨੂੰ ਵੀ ਆਪਣੇ ਸਮਾਗਮ ਕਰਾਉਣ ਦੀ ਖੁੱਲ੍ਹ ਦੇ ਦਿੱਤੀ। ਇਸ ਤਰ੍ਹਾਂ ਪੰਜਾਬ ਭਵਨ ਇਕ ਪ੍ਰਕਾਰ ਦਾ ਅੰਤਰਰਾਸ਼ਟਰੀ ਪਰਵਾਸੀਆਂ ਦਾ ਅੱਡਾ ਬਣ ਗਿਆ।

ਸੰਨ 2016 ਦੇ ਅਕਤੂਬਰ ਮਹੀਨੇ ਵਿਚ ਅੰਤਰਰਾਸ਼ਟਰੀ ਪੰਜਾਬੀ ਕਾਨਫ਼ਰੰਸ ਕਰਵਾਉਣ ਦਾ ਫੈਸਲਾ ਹੋ ਗਿਆ। ਸੁੱਖੀ ਬਾਠ ਦੀ ਅਗਵਾਈ ਵਿਚ ਕਾਨਫ਼ਰੰਸ ਦੀ ਰੂਪ ਰੇਖਾ ਬਣਾਉਣ ਲਈ ਪੰਜਾਬ ਭਵਨ ਦੀ ਸਲਾਹਕਾਰ ਕਮੇਟੀ, ਜਿਹੜੀ ਹੁਣ ਪ੍ਰਬੰਧਕ ਕਮੇਟੀ ਬਣ ਗਈ ਸੀ, ਦੀਆਂ ਪੰਜਾਬ ਭਵਨ ਵਿਚ ਮੀਟਿੰਗਾਂ ਹੋਣ ਲੱਗੀਆਂ। ਅਗਾਂਹ ਸਬ-ਕਮੇਟੀਆਂ ਬਣਾਈਆਂ ਗਈਆਂ। ਮੈਨੂੰ ਸੁਆਗਤੀ ਕਮੇਟੀ ਦਾ ਮੈਂਬਰ ਬਣਾਇਆ ਗਿਆ। ਕਾਨਫ਼ਰੰਸ

ਦੀ ਰੂਪ ਰੇਖਾ ਉਲੀਕੀ ਗਈ। ਸੁੱਖੀ ਬਾਠ ਜੀ ਨੇ ਹਰ ਸਾਲ ਅੰਤਰਰਾਸ਼ਟਰੀ ਕਾਨਫ਼ਰੰਸ ਕਰਵਾਉਣ ਤੇ ਉਸ ਸਮੇਂ ਆਪਣੇ ਪਿਤਾ ਦੇ ਨਾਮ ਉੱਪਰ 'ਸ. ਅਰਜਨ ਸਿੰਘ ਬਾਠ ਯਾਦਗਾਰੀ ਪੁਰਸਕਾਰ' ਦੇਣ ਦਾ ਫੈਸਲਾ ਵੀ ਕਰ ਲਿਆ। ਇਸ ਦੋ ਦਿਨਾਂ ਅੰਤਰਰਾਸ਼ਟਰੀ ਕਾਨਫ਼ਰੰਸ ਵਿਚ ਭਾਗ ਲੈਣ ਲਈ ਇੰਗਲੈਂਡ, ਆਸਟਰੇਲੀਆ, ਇਟਲੀ, ਅਮਰੀਕਾ, ਇੰਡੀਆ ਤੇ ਕੈਨੇਡਾ ਦੇ ਅਲਬਰਟਾ, ਵਿਨੀਪੈਗ ਤੇ ਉਂਟਾਰੀਉ ਸੂਬਿਆਂ ਤੋਂ ਡੈਲੀਗੇਟ ਆਏ। ਡਾ. ਸ. ਪ. ਸਿੰਘ, ਡਾ. ਸੁਰਜੀਤ ਪਾਤਰ, ਪ੍ਰੋ. ਗੁਰਭਜਨ ਗਿੱਲ, ਡਾ. ਵਰਿਆਮ ਸੰਧੂ, ਪ੍ਰਿੰਸੀਪਲ ਸਰਵਣ ਸਿੰਘ, ਡਾ. ਹਰਜਿੰਦਰ ਵਾਲੀਆ, ਬਲਜੀਤ ਬੱਲੀ ਅਤੇ ਕਈ ਹੋਰ ਨਾਮਵਰ ਸਾਹਿਤਕ ਸ਼ਖ਼ਸੀਅਤਾਂ ਵੀ ਇਸ ਕਾਨਫ਼ਰੰਸ ਵਿਚ ਸ਼ਾਮਿਲ ਹੋਈਆਂ।

ਇਹ ਕਾਨਫ਼ਰੰਸ ਬੜੇ ਜਾਹੋ ਜਲਾਲ ਨਾਲ ਸ਼ੁਰੂ ਹੋਈ। ਪੰਜਾਬ ਭਵਨ ਦੇ ਹਾਲ ਦੀ ਕੰਧ (Wall of Fame) ਉੱਪਰ ਪੰਜਾਬ ਦੀਆਂ ਨਾਮਵਰ ਉੱਚ ਸ਼ਖ਼ਸੀਅਤਾਂ, (ਜਿਨ੍ਹਾਂ ਨੇ ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਕਲਾ ਵਿਚ ਵੱਡਾ ਯੋਗਦਾਨ ਪਾਇਆ ਸੀ ਤੇ ਹੁਣ ਇਸ ਸੰਸਾਰ ਵਿਚ ਨਹੀਂ ਰਹੇ) ਦੀਆਂ ਤਸਵੀਰਾਂ ਸੁਸ਼ੋਭਿਤ ਹੋਈਆਂ। ਹਾਲ ਵਿਚ ਸ. ਜਰਨੈਲ ਸਿੰਘ ਆਰਟਿਸਟ ਦੀ ਚਿੱਤਰ ਪ੍ਰਦਰਸ਼ਨੀ ਵੀ ਕਾਨਫ਼ਰੰਸ ਦਾ ਇਕ ਹਾਸਲ ਸੀ। ਦੋਵੇਂ ਦਿਨ, ਸਵੇਰ ਤੇ ਬਾਅਦ ਦੁਪਹਿਰ ਦੇ ਸੈਸ਼ਨਾਂ ਵਿਚ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਖੋਜ




**ਜਰਨੈਲ ਸਿੰਘ ਚਿੱਤਰਕਾਰ ਦੀ ਕਲਾਕ੍ਰਿਤੀ ਪੰਜਾਬ ਭਵਨ ਵਿਖੇ ਰਿਲੀਜ਼ ਕਰਦੇ ਹੋਏ**

ਪੱਤਰ ਪੜ੍ਹੇ ਗਏ ਪਰ ਉਹਨਾਂ ਉੱਪਰ ਵਿਚਾਰ ਚਰਚਾ ਕਰਨ ਦਾ ਸਮਾਂ ਨਹੀਂ ਸੀ ਮਿਲਦਾ। ਪਹਿਲੇ ਦਿਨ ਮੈਨੂੰ ਖੋਜ ਪੱਤਰ ਪੜ੍ਹਨ ਦਾ ਮੌਕਾ ਦਿੱਤਾ ਗਿਆ ਸੀ। ਮੇਰੇ ਪਰਚੇ ਦਾ ਵਿਸ਼ਾ ਸੀ 'ਉੱਤਰੀ ਅਮਰੀਕਾ ਵਿਚ ਪਰਵਾਸੀ ਪੰਜਾਬੀਆਂ ਦਾ ਬੁਢਾਪਾ, ਵਿਹਾਰ ਤੇ ਵਰਤਾਰਾ'। ਦੋਵੇਂ ਦਿਨ ਸ਼ਾਮ ਸਮੇਂ ਕਵੀ ਦਰਬਾਰ ਹੋਇਆ। ਗੁਰਦੀਪ ਆਰਟਸ ਅਕੈਡਮੀ ਵਲੋਂ ਕੋਰੀਉਗਰਾਫੀ ਕੀਤੀ ਗਈ। ਇਸ ਕਾਨਫ਼ਰੰਸ ਮੌਕੇ ਪਹਿਲਾ 'ਸ. ਅਰਜਨ ਸਿੰਘ ਬਾਠ ਯਾਦਗਾਰੀ ਪੁਰਸਕਾਰ' ਸ੍ਰੀ ਗੁਰਚਰਨ ਰਾਮਪੁਰੀ ਜੀ ਨੂੰ ਦਿੱਤਾ ਗਿਆ।

ਸੁੱਖੀ ਬਾਠ ਜੀ ਨੇ ਪੰਜਾਬ ਤੋਂ ਕੈਨੇਡਾ ਆਏ ਨਾਮਵਰ ਗ਼ਜ਼ਲਗੋ ਸ੍ਰੀ ਕਵਿੰਦਰ ਚਾਂਦ ਨੂੰ ਪੰਜਾਬ ਭਵਨ ਦਾ ਨਿਗਰਾਨ ਬਣਾ ਦਿੱਤਾ ਤਾਂ ਉਹਨਾਂ ਦੀ ਦੇਖ ਰੇਖ ਹੇਠ ਪੰਜਾਬ ਭਵਨ ਦੀ ਦੀਆਂ ਗਤੀਵਿਧੀਆਂ ਹੋਰ ਵੀ ਜ਼ਿਆਦਾ ਵੱਧ ਗਈਆ। ਸੁੱਖੀ ਬਾਠ ਜੀ ਨੇ ਤ੍ਰੈਮਾਸਕ ਮੈਗਜ਼ੀਨ 'ਸੁਗੰਧੀਆਂ' ਚਾਲੂ ਕਰ ਦਿੱਤਾ ਜਿਸ ਦੇ ਸੰਪਾਦਕ ਕਵਿੰਦਰ ਚਾਂਦ ਬਣੇ।

ਪੰਜਾਬ ਭਵਨ ਦੀ ਵਰ੍ਹੇਗੰਢ ਦੇ ਰੂਪ ਵਿਚ ਅਗਲੀਆਂ ਅੰਤਰਰਾਸ਼ਟਰੀ ਕਾਨਫ਼ਰੰਸਾਂ ਵੀ ਪਹਿਲੀ ਕਾਨਫ਼ਰੰਸ ਵਾਲੀ ਸ਼ਾਨੋ ਸ਼ੌਕਤ ਨਾਲ ਨੇਪਰੇ ਚੜ੍ਹੀਆਂ। ਕਾਨਫ਼ਰੰਸਾਂ ਨੂੰ ਸਫਲ ਬਣਾਉਣ ਲਈ ਡਾ. ਸ. ਪ. ਸਿੰਘ ਦੀ ਅਗਵਾਈ ਵਿਚ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦਾ ਪੂਰਨ ਸਹਿਯੋਗ ਮਿਲਿਆ। ਅਗਲੀਆਂ ਦੋਹਾਂ ਕਾਨਫ਼ਰੰਸਾਂ ਵਿਚ ਮੈਂ ਖੋਜ ਪੱਤਰ 'ਕੈਨੇਡੀਅਨ ਪੰਜਾਬੀ ਨਾਵਲ, ਸਰੋਕਾਰ ਤੇ ਸ਼ੰਭਾਵਨਾਵਾਂ' ਅਤੇ 'ਕੈਨੇਡੀਅਨ ਪੰਜਾਬੀ ਸੱਭਿਆਚਾਰ, ਕੱਲ੍ਹ, ਅੱਜ ਤੇ ਭਲ਼ਕ' ਪੜ੍ਹੇ ਸਨ। ਤੀਜੀ ਕਾਨਫ਼ਰੰਸ ਸਮੇਂ ਮੈਨੂੰ 'ਸ. ਅਰਜਨ ਸਿੰਘ ਬਾਠ ਯਾਦਗਾਰੀ ਪੁਰਸਕਾਰ' ਦੇ ਕੇ ਸਨਮਾਨਤ ਕੀਤਾ ਗਿਆ ਸੀ।

ਕੋਵਿਡ ਮਹਾਂਮਾਰੀ ਕਾਰਨ ਦੋ ਸਾਲ ਪੰਜਾਬ ਭਵਨ ਦੀਆਂ ਗਤੀਵਿਧੀਆਂ ਤਕਰੀਬਨ ਠੱਪ ਰਹੀਆਂ। ਕੋਵਿਡ ਦੇ ਖ਼ਾਤਮੇ ਤੋਂ ਬਾਅਦ ਚੌਥਾ ਸਾਲਾਨਾ ਸੰਮੇਲਨ 1-2 ਅਕਤੂਬਰ 2022 ਨੂੰ ਕਰਵਾਇਆ ਗਿਆ।

ਪੰਜਾਬ ਭਵਨ ਦਾ ਘੇਰਾ ਵਿਸ਼ਾਲ ਹੋ ਜਾਣ ਕਾਰਨ ਕਾਨਫ਼ਰੰਸਾਂ ਦਾ ਘੇਰਾ ਵੀ ਵਿਸ਼ਾਲ ਹੁੰਦਾ ਜਾ ਰਿਹਾ ਸੀ। ਇੱਨੇ ਵੱਡੇ ਇਕੱਠ ਲਈ ਪੰਜਾਬ ਭਵਨ ਦਾ ਵਿਹੜਾ ਛੋਟਾ ਮਹਿਸੂਸ ਕਰਦਿਆਂ ਚੌਥੀ ਕੌਮਾਂਤਰੀ ਕਾਨਫ਼ਰੰਸ ਸੁੱਖੀ ਬਾਠ ਦੇ ਆਂਗਨ (Sukhi Bath Estate) ਵਿਚ ਕਰਵਾਈ ਗਈ। ਆਪਣੀ ਸਿਹਤ ਸਮੱਸਿਆ ਕਾਰਨ ਇਸ ਕਾਨਫ਼ਰੰਸ ਵਿਚ ਮੈਂ ਬਹੁਤੀ ਸਰਗਰਮੀ ਨਾਲ ਭਾਗ ਨਹੀਂ ਸੀ ਲੈ ਸਕਿਆ ਫੇਰ ਵੀ ਨਵੀਆਂ ਛਪੀਆਂ ਪੁਸਤਕਾਂ ਲੋਕ ਅਰਪਨ ਕਰਨ ਵਾਲੇ ਸੈਸ਼ਨ ਦੀ ਪ੍ਰਧਾਨਗੀ ਕਰਨ ਦਾ ਸੁਭਾਗ ਮਿਲਿਆ।

ਪੰਜਾਬ ਭਵਨ ਸਰੀ ਵਲੋਂ 8-9 ਅਕਤੂਬਰ 2023 ਨੂੰ ਪੰਜਵਾਂ ਸਾਲਾਨਾ ਸੰਮੇਲਨ ਕਰਵਾਉਣ ਲਈ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਹ ਕੌਮਾਂਤਰੀ ਕਾਨਫ਼ਰੰਸ ਤਾਜ ਪਾਰਕ ਕਨਵੈਨਸ਼ਨ ਸੈਂਟਰ ਸਰੀ ਵਿਚ ਹੋਵੇਗੀ। ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੀ ਸਰਪ੍ਰਸਤੀ ਹੇਠ ਨਿਕਲ ਰਹੇ ਤ੍ਰੈ-ਮਾਸਿਕ ਮੈਗਜ਼ੀਨ 'ਪਰਵਾਸ' ਦਾ ਇਕ ਅੰਕ ਕੌਮਾਂਤਰੀ ਕਾਨਫ਼ਰੰਸ 'ਤੇ ਕੇਂਦਰਤ ਕੀਤਾ ਜਾ ਰਿਹਾ ਹੈ। ਆਪਣੀ ਸਿਹਤ ਨੂੰ ਧਿਆਨ ਵਿਚ ਰੱਖਦਿਆਂ ਮੈਂ ਵੀ ਇਸ ਮਹਾਂ ਕੁੰਭ ਵਿਚ ਯਥਾਯੋਗ ਹਿੱਸਾ ਪਾਉਣ ਦੀ ਕੋਸ਼ਿਸ਼ ਕਰਾਂਗਾ।

ਪੰਜਾਬ ਭਵਨ ਦੀ ਇਕ ਸ਼ਾਖ ਜਲੰਧਰ ਵਿਚ ਵੀ ਖੁੱਲ੍ਹ ਗਈ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਹੋਰ ਦੇਸ਼ਾਂ ਵਿਚ ਵੀ ਪੰਜਾਬ ਭਵਨ ਦੀਆਂ ਸ਼ਾਖਾਂ ਖੁੱਲ੍ਹ ਜਾਣਗੀਆਂ। ਮੈਂ ਪੰਜਾਬ ਭਵਨ ਦੀ ਤਰੱਕੀ ਲਈ ਦੁਆਗੋ ਹਾਂ।

**ਜਰਨੈਲ ਸਿੰਘ ਸੇਖਾ**
**ਸਰੀ, ਬੀ. ਸੀ.**

# ਇਕ ਫ਼ੋਨ ਕਾਲ ਵਿਚੋਂ ਉਪਜਿਆ ‘ਪੰਜਾਬ ਭਵਨ’

**ਮੋਹਨ ਗਿੱਲ**




ਗੱਲ 2016 ਦੀਆਂ ਗਰਮੀਆਂ ਦੀ ਹੈ। ਪ੍ਰੋ. ਗੁਰਭਜਨ ਗਿੱਲ ਕੈਨੇਡਾ ਦੇ ਦੌਰੇ ’ਤੇ ਸੀ। ਉਨ੍ਹਾਂ ਕਲੋਨਾ ਸ਼ਹਿਰ ਆਪਣੇ ਰਿਸ਼ਤੇਦਾਰ ਨੂੰ ਮਿਲਣ ਦੀ ਇੱਛਾ ਜਤਾਈ ਤਾਂ ਮੇਰਾ, ਪ੍ਰੋ. ਗੁਰਭਜਨ ਗਿੱਲ ਅਤੇ ਅੰਗਰੇਜ਼ ਸਿੰਘ ਬਰਾੜ ਦਾ ਕਲੋਨਾ ਸ਼ਹਿਰ ਜਾਣ ਦਾ ਪ੍ਰੋਗਰਾਮ ਬਣਿਆ। ਜਦ ਅਸੀਂ ਉਥੋਂ ਵਾਪਸ ਆ ਰਹੇ ਸਾਂ ਤਾਂ ਮੇਰਡ ਦੇ ਨੇੜੇ ਮੇਰੀ ਗੱਡੀ ਦੇ ਸਪੀਕਰ ਫੋਨ ’ਤੇ ਸੁੱਖੀ ਬਾਠ ਦਾ ਫੋਨ ਆਇਆ। ਉਹ ਮੇਰੇ ਨਾਲ ਕਿਸੇ ਵਿਸ਼ੇ ’ਤੇ ਸਲਾਹ ਲੈਣਾ ਚਾਹੁੰਦੇ ਸਨ। ਮੈਂ ਉਨ੍ਹਾਂ ਨੂੰ ਦੱਸਿਆ ਕਿ ਅਸੀਂ ਕਲੋਨਾ ਤੋਂ ਵਾਪਸ ਆ ਰਹੇ ਹਾਂ ਤੇ ਮੇਰੇ ਨਾਲ ਪ੍ਰੋ. ਗੁਰਭਜਨ ਗਿੱਲ ਬੈਠੇ ਹਨ ਉਨ੍ਹਾਂ ਨੂੰ ਵੀ ਫ਼ਤਹਿ ਬੁਲਾ ਲਉ। ਉਨ੍ਹਾਂ ਫ਼ਤਹਿ ਬੁਲਾਉਣ ਤੋਂ ਬਾਅਦ ਦੱਸਿਆ ਕਿ ਉਨ੍ਹਾਂ ਨੇ ਰੇਡੀਓ ਪ੍ਰੋਗਰਾਮ ਸੁਣਿਆ ਹੈ ਜਿਸ ਵਿਚ ਉਹ ਪ੍ਰੋ. ਸਾਹਿਬ ਦੀਆਂ ਗੱਲਾਂ ਤੋਂ ਬੜਾ ਪ੍ਰਭਾਵਿਤ ਹੋਏ ਹਨ। ਉਨ੍ਹਾਂ ਨੇ ਵਾਪਸੀ ਤੇ ਉਨ੍ਹਾਂ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਜੋ ਅਸੀਂ ਸਵੀਕਾਰ ਕਰ ਲਈ।

ਅਗਲੇ ਦਿਨ ਅਸੀਂ ਸਰੀ, ਸੁੱਖੀ ਬਾਠ ਮੋਟਰਜ਼ ’ਤੇ ਪਹੁੰਚ ਗਏ। ਚਾਹ ਪਾਣੀ ਪੀਦਿਆਂ ਗੱਲਬਾਤ ਚੱਲ ਰਹੀ ਸੀ ਪੰਜਾਬੀ ਤੇ ਪੰਜਾਬ ਦੀ ਤਾਂ ਗੁਰਭਜਨ ਗਿੱਲ ਨੇ ਪੰਜਾਬ ਅਤੇ ਪੰਜਾਬੀ ਨੂੰ ਸਮਰਪਿਤ ਇਕ ਵਿਸ਼ੇਸ਼ ਜਗ੍ਹਾ ਸਥਾਪਿਤ ਕਰਨ ਦੀ ਗੱਲ ਕੀਤੀ ਜੋ ਸਾਨੂੰ ਸਾਰਿਆਂ ਨੂੰ ਬੜੀ ਚੰਗੀ ਲੱਗੀ ਫਿਰ ਗੁਰਭਜਨ ਗਿੱਲ ਦੀ ਵਾਪਸੀ ਤੋਂ ਬਾਅਦ ਸਾਡੀ ਮੀਟਿੰਗ ਹੋਈ ਜਿਸ ਵਿਚ ਇਕ ਵਿਸ਼ੇਸ਼ ਕਮੇਟੀ ਚੁਣੀ ਗਈ। ਇਸ ਤਰ੍ਹਾਂ ਸੁੱਖੀ ਬਾਠ ਮੋਟਰਜ਼ ਵਿਚ ‘ਸਟੂਡੀਓ 7’ ਦੇ ਨਾਮ ਥੱਲੇ ਚੁਣੇ ਗਏ ਹਾਲ ਨੂੰ ਇਕ ਭਵਨ ਵਿਚ ਬਦਲਣ ਦੀ ਤਜ਼ਵੀਜ਼ ਹੋਈ। ਇਹ ਵੀ ਕਿਹਾ ਗਿਆ ਕਿ ਥੋੜੀ ਦੂਰ ਜੋ ਜਗਾ ਉਨ੍ਹਾਂ ਪਾਸ ਹੈ, ਭਵਿੱਖ ਵਿਚ ਉਸ ਉੱਤੇ ਇਕ ਵੱਡਾ ਭਵਨ ਉਸਾਰਿਆ ਜਾਵੇਗਾ ਜਿਸ ਵਿਚ ਹਾਲ ਦੇ ਨਾਲ ਨਾਲ ਬਾਹਰੋਂ ਆਏ ਲੇਖਕਾਂ ਦੀ ਰਿਹਾਇਸ਼ ਦਾ ਵੀ ਪ੍ਰਬੰਧ ਹੋਵੇਗਾ।

ਇਸ ਹਾਲ ਨੂੰ ਕੀ ਨਾਮ ਦਿੱਤਾ ਜਾਵੇ, ਇਸ ਬਾਰੇ ਕਮੇਟੀ ਦੀ ਮੀਟਿੰਗ ਵਿਚ ਹੁਣ ‘ਪੰਜਾਬੀ ਭਵਨ’ ਤੇ ‘ਪੰਜਾਬ ਭਵਨ’ ਵਿਚੋਂ ਇਕ ਨਾਮ ਚੁਣਨਾ ਸੀ। ਮੇਰੀ ਸਲਾਹ ਸੀ ਕਿ ‘ਪੰਜਾਬ’ ਨਾਮ ਰੱਖਿਆ ਜਾਵੇ ਕਿਉਂਕਿ ਪੰਜਾਬ ਦੇ ਵਿਚ ਪੰਜਾਬੀ ਭਾਸ਼ਾ ਆਪਣੇ ਆਪ ਆ ਜਾਂਦੀ ਹੈ। ਫੋਨ ’ਤੇ ਪ੍ਰੋ. ਗੁਰਭਜਨ ਗਿੱਲ ਦੇ ‘ਹਾਂ’ ਕਹਿਣ ਤੇ ਇਸ ਜਗ੍ਹਾ ਨੂੰ ਪੰਜਾਬ ਭਵਨ ਦਾ

ਨਾਮ ਦੇ ਦਿੱਤਾ ਗਿਆ। ਉਸ ਸਾਲ ਤੋਂ 'ਪੰਜਾਬ ਭਵਨ' ਕਲਾ ਤੇ ਸਭਿਆਚਾਰ ਨੂੰ ਸਮਰਪਿਤ ਕੰਮ ਕਰ ਰਿਹਾ ਹੈ। ਕਮੇਟੀ ਦੀ ਇੱਛਾ ਸੀ ਕਿ ਸਵਰਗਵਾਸੀ ਲੇਖਕਾਂ ਦੀਆਂ ਤਸਵੀਰਾਂ ਵਾਲੀ ਇਕ ਕੰਧ ਤਿਆਰ ਕੀਤੀ ਜਾਵੇ। ਅੱਜ ਭਵਨ ਦੀ ਇਕ ਕੰਧ ਉਨ੍ਹਾਂ ਲੇਖਕਾਂ ਦੀਆਂ ਤਸਵੀਰਾਂ ਨਾਲ ਸ਼ਿੰਗਾਰੀ ਹੋਈ ਹੈ। ਮੈਂ ਭਵਿੱਖ ਲਈ 'ਪੰਜਾਬ ਭਵਨ' ਨੂੰ ਆਪਣੀ ਅਸੀਸ ਤੇ ਸ਼ੁਭ ਕਾਮਨਾਵਾਂ ਦਿੰਦਾ ਹੋਇਆ ਗੱਲ ਸੰਪੂਰਨ ਕਰਦਾ ਹਾਂ।

**ਮੋਹਨ ਗਿੱਲ**
**ਸਰੀ, ਕੈਨੇਡਾ**




**ਮੋਹਨ ਗਿੱਲ, ਪ੍ਰੋ. ਗੁਰਭਜਨ ਗਿੱਲ, ਡਾ. ਸਾਧੂ ਸਿੰਘ, ਡਾ. ਸੁਰਜੀਤ ਪਾਤਰ, ਸ. ਰਘਬੀਰ ਸਿੰਘ ਸਿਰਜਣਾ**



**ਮੋਹਨ ਗਿੱਲ, ਸੁੱਖੀ ਬਾਠ, ਚਰਨਜੀਤ ਪੰਨੂੰ, ਪ੍ਰੋ. ਗੁਰਭਜਨ ਗਿੱਲ, ਡਾ. ਸਾਧੂ ਸਿੰਘ, ਡਾ. ਸੁਰਜੀਤ ਪਾਤਰ, ਰਘਬੀਰ ਸਿੰਘ ਸਿਰਜਣਾ, ਵਰਿਆਮ ਸੰਧੂ ਅਤੇ ਹੋਰ**

# ਪੰਜਾਬ, ਪੰਜਾਬੀ ਅਤੇ ਪੰਜੀਬਅਤ ਨੂੰ ਸਮਰਪਿਤ: ਪੰਜਾਬ ਭਵਨ

## ਡਾ. ਸ. ਪ. ਸਿੰਘ



ਪਰਵਾਸ ਅਤੇ ਪੰਜਾਬੀ ਦੋਨੋਂ ਹੀ ਸ਼ਬਦ ਆਪਸ ਵਿਚ ਇਕ ਸਿੱਕੇ ਦੇ ਦੋ ਪਾਸੇ ਦੀ ਤਰ੍ਹਾਂ ਬਣ ਚੁੱਕੇ ਹਨ ਅਤੇ ਇੰਨੇ ਘੁਲ ਮਿਲ ਚੁੱਕੇ ਹਨ ਕਿ ਜਦੋਂ ਵੀ ਅਸੀਂ ਭਾਰਤੀ ਪਰਵਾਸ ਦੇ ਇਤਿਹਾਸ 'ਤੇ ਝਾਤੀ ਮਾਰਦੇ ਹਾਂ ਜਾਂ ਅਜੋਕੇ ਪਰਵਾਸ ਦੇ ਰੁਝਾਨ ਦੀ ਗੱਲ ਹੋਵੇ ਤਾਂ ਪੰਜਾਬੀਆਂ ਦਾ ਨਾਮ ਮੂਹਰੇ ਆਉਂਦਾ ਹੈ। ਵਿਸ਼ਵ ਭਰ ਵਿੱਚ ਜਿੱਥੇ ਜਿੱਥੇ ਵੀ ਪੰਜਾਬੀਆਂ ਦਾ ਵਾਸਾ ਹੈ ਉਨ੍ਹਾਂ ਨੇ ਉੱਥੇ ਆਪਣੀ ਆਰਥਿਕ ਸਮ੍ਰਿਧੀ ਨੂੰ ਤਾਂ ਮਜ਼ਬੂਤ ਕੀਤਾ ਹੀ ਹੈ ਇਸ ਦੇ ਨਾਲ ਨਾਲ ਆਪਣੇ ਪਰਿਵੇਸ਼ ਵਾਲੇ ਖਿੱਤੇ ਵਿਚ ਰਾਜਨੀਤਕ, ਸਮਾਜਿਕ, ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿਚ ਆਪਣੀ ਸਨਮਾਨਯੋਗ ਪਛਾਣ ਕਾਇਮ ਕੀਤੀ ਹੈ। ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸਾਹਿਤ ਨੂੰ ਪਿਆਰ ਕਰਨ ਵਾਲਿਆਂ ਨੇ ਵਿਦੇਸ਼ਾਂ ਵਿਚ ਜਾ ਕੇ ਵੀ ਪੰਜਾਬੀ ਭਾਸ਼ਾ, ਸਾਹਿਤ ਦੇ ਪ੍ਰਚਾਰ, ਪ੍ਰਸਾਰ ਲਈ ਹਰ ਬਣਦਾ ਯਤਨ ਵੀ ਕੀਤਾ। ਅਜਿਹਾ ਹੀ ਇੱਕ ਨਿਵੇਕਲਾ ਯਤਨ ਕੈਨੇਡਾ ਦੇ ਸ਼ਹਿਰ ਸਰੀ ਵਿਚ ਵੱਸਦੇ ਉੱਘੇ, ਸਫਲ ਕਾਰੋਬਾਰੀ, ਸਾਹਿਤ ਪ੍ਰੇਮੀ ਸੁੱਖੀ ਬਾਠ ਵੱਲੋਂ **'ਪੰਜਾਬ ਭਵਨ'** ਦੀ ਸਥਾਪਨਾ ਕਰਕੇ ਕੀਤਾ ਗਿਆ ਹੈ।



**ਪੰਜਾਬ ਭਵਨ ਸਰੀ 2019 ਕਾਨਫ਼ਰੰਸ ਮੌਕੇ ਪ੍ਰਧਾਨਗੀ ਮੰਡਲ**

ਪੰਜਾਬ ਭਵਨ ਸਰੀ ਦੀ ਸਥਾਪਤੀ ਤੋਂ ਪਹਿਲਾਂ ਇਕ ਪੰਜਾਬ ਭਵਨ ਦਿਲੀ ਅਤੇ ਇਕ ਹੋਰ ਪੰਜਾਬ ਭਵਨ ਚੰਡੀਗੜ੍ਹ ਸਰਕਾਰੀ ਗੈਸਟ ਹਾਊਸ ਸੰਸਥਾਵਾਂ ਹਨ। ਇਕ ਪੰਜਾਬੀ ਭਵਨ ਸਾਹਿਤ ਸਭਾ ਦਿਲੀ ਦਾ ਹੈ ਪਰੰਤੂ ਭਾਰਤ ਤੋਂ ਬਾਹਰ ਇਹ ਪਹਿਲਾ ਪੰਜਾਬ ਭਵਨ ਹੈ ਜਿਸਦਾ ਸਟੇਟਸ ਇੰਡੀਅਨ ਹਾਊਸ (ਬੰਬੇ) ਵਾਲਾ ਹੈ। ਵਿਦੇਸ਼ੀ ਧਰਤੀ 'ਤੇ ਸਥਾਪਿਤ ਇਹ ਸੰਸਥਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪੂਰੀ ਤਰ੍ਹਾਂ ਸਮਰਪਿਤ ਹੈ। ਸਾਹਿਤਕ ਅਤੇ ਸਭਿਆਚਾਰਕ ਗਤੀਵਿਧੀਆਂ ਦਾ ਕੇਂਦਰ ਬਿੰਦੂ ਵੀ ਹੈ। ਪੰਜਾਬ ਤੋਂ ਜਦੋਂ ਵੀ ਕੋਈ ਲੇਖਕ ਅਤੇ ਸਾਹਿਤ ਪ੍ਰੇਮੀ ਅਮਰੀਕਾ-ਕੈਨੇਡਾ ਦੌਰੇ ਤੇ ਜਾਂਦਾ ਹੈ ਤਾਂ ਪੰਜਾਬ ਭਵਨ ਦੇ ਸਮਾਗਮ ਵਿਚ ਸ਼ਿਰਕਤ ਕਰਨ ਨੂੰ ਉਹ ਇਕ ਵੱਡੀ ਪ੍ਰਾਪਤੀ ਸਮਝਦਾ ਹੈ। ਇਸ ਦੇ ਲਈ ਇਸ ਸੰਸਥਾ ਦਾ ਸੰਸਥਾਪਕ ਸੁੱਖੀ ਬਾਠ ਵਧਾਈ ਦਾ ਪਾਤਰ ਹੈ ਜਿਸ ਨੇ ਆਪਣੇ ਨਿੱਜੀ ਖਰਚ ਵਿਚੋਂ ਆਪਣੇ

ਪਿਤਾ ਸ. ਅਰਜਨ ਸਿੰਘ ਬਾਠ ਦੀ ਯਾਦ ਵਿਚ ਇਸ ਸੰਸਥਾ ਦਾ ਨਿਰਮਾਣ ਕੀਤਾ। ਜਿਸ ਵਿਚ ਆਡੀਟੋਰੀਅਮ, ਲਾਇਬ੍ਰੇਰੀ ਅਤੇ ਆਧੁਨਿਕ ਪੰਜਾਬੀ ਲੇਖਕਾਂ ਦੀ ਫੋਟੋ ਗੈਲਰੀ ਅਤੇ ਪੰਜਾਬੀ ਸਮਾਜ-ਸਭਿਆਚਾਰ ਨਾਲ ਸੰਬੰਧਿਤ ਪੁਰਾਤਨ ਵਸਤਾਂ ਖਿੱਚ ਦਾ ਕੇਂਦਰ ਹਨ। ਇਸ ਸੰਸਥਾ ਨੇ ਦੁਨੀਆ ਭਰ ਦੇ ਪੰਜਾਬੀ ਲੇਖਕਾਂ ਨੂੰ ਤਾਂ ਇਕ ਮੰਚ ਪ੍ਰਦਾਨ ਕੀਤਾ ਹੀ ਹੈ ਉੱਥੇ ਹੀ ਹੋਰਨਾਂ ਭਾਸ਼ਾਵਾਂ ਅਤੇ ਸਭਿਆਚਾਰਾਂ ਦੇ ਲੋਕਾਂ ਲਈ ਵੀ ਇਸ ਸੰਸਥਾ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ। ਮੇਰੀ ਦਿੱਲੀ ਦੁਆ ਹੈ ਕਿ ਇਹ ਸੰਸਥਾ ਵਿਸ਼ਵ ਭਰ ਵਿਚ ਵੱਸਦੇ ਹਰ ਜ਼ੁਬਾਨ ਦੇ ਅਦੀਬਾਂ ਨੂੰ ਇੱਕ ਮੰਚ ਪ੍ਰਦਾਨ ਕਰੇ ਜਿੱਥੋਂ ਸਮੁੱਚੀ ਮਨੁੱਖਤਾ ਦੇ ਭਲੇ ਦੀ ਗੱਲ ਹੋਵੇ।

**ਡਾ. ਸ. ਪ. ਸਿੰਘ**
**ਸਾਬਕਾ ਵਾਈਸ ਚਾਂਸਲਰ**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**




**ਪਰਵਾਸੀ ਸਾਹਿਤ ਅਧਿਐਨ ਕੇਂਦਰ ਵਲੋਂ ਆਯੋਜਿਤ ਅੰਤਰਰਾਸ਼ਟਰੀ ਕਾਨਫ਼ਰੰਸ 2017**



# ਪੰਜਾਬੀ ਅਤੇ ਪੰਜਾਬੀਅਤ ਦਾ ਅਲੰਬਰਦਾਰ: ਸੁੱਖੀ ਬਾਠ

**ਪ੍ਰੋ. ਮਨਜੀਤ ਸਿੰਘ ਛਾਬੜਾ**



ਉਹ ਆਪਣੇ ਜੀਵਨ ਵਿਚ ਤਿੰਨ ਵਿਅਕਤੀਆਂ ਦਾ ਰਿਣੀ ਹੈ- ਆਪਣੇ ਪਿਤਾ ਸ. ਅਰਜਨ ਸਿੰਘ ਬਾਠ ਦਾ, ਜਿਨ੍ਹਾਂ ਨੇ ਉਂਗਲੀ ਫੜ੍ਹ ਕੇ ਜੀਵਨ ਪੰਧ ਉੱਤੇ ਤੁਰਨਾਂ ਸਿਖਾਇਆ, ਡਾ. ਸ. ਪ. ਸਿੰਘ, ਸਾਬਕਾ ਵਾਇਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦਾ, ਜਿਨ੍ਹਾਂ ਨੇ ਪੰਜਾਬ ਭਵਨ ਦਾ ਸੰਕਲਪ ਲੋਕਾਂ ਤੱਕ ਲੈ ਜਾਣ ਵਿਚ ਉਸ ਦਾ ਹੱਥ ਵਟਾਇਆ ਅਤੇ ਲੋਕ ਸ਼ਾਇਰ ਪ੍ਰੋ. ਗੁਰਭਜਨ ਗਿੱਲ ਦਾ, ਜਿਸ ਨੇ ਪੰਜਾਬ ਭਵਨ ਦਾ ਸੰਕਲਪ ਉਸ ਦੇ ਜ਼ਿਹਨ ਵਿਚ ਪਾਇਆ। ਇਸ ਅਲੰਬਰਦਾਰ ਦਾ ਨਾਮ ਸੁੱਖੀ ਬਾਠ ਹੈ।

ਹੁਣ ਪੰਜਾਬ ਭਵਨ ਸੁੱਖੀ ਬਾਠ ਦਾ ਹੀ ਨਹੀਂ, ਸਗੋਂ ਸਮੁੱਚੇ ਪੰਜਾਬੀ ਭਾਈਚਾਰੇ ਦਾ ਕੇਂਦਰੀ-ਧੁਰਾ ਬਣ ਗਿਆ ਹੈ। ਪੰਜਾਬ ਭਵਨ ਹੁਣ ਸਿਰਫ਼ ਫਰੇਜ਼ਰ ਵੈਲੀ ਸੜਕ 'ਤੇ ਮੌਜੂਦ ਇੱਕ ਇਮਾਰਤ ਨਹੀਂ ਰਹਿ ਗਈ, ਇਹ ਸਮੁੱਚੇ ਵਿਸ਼ਵ ਵਿੱਚ ਵੱਸਦੇ ਪੰਜਾਬੀਆਂ ਦੀਆਂ ਅਕਾਂਖਿਆਵਾਂ ਦਾ ਕੇਂਦਰ ਬਣ ਗਿਆ ਹੈ। ਕੈਨੇਡਾ ਗਿਆ ਹਰ ਪੰਜਾਬੀ ਲੇਖਕ ਅਤੇ ਆਲੋਚਕ, ਨਾਟਕਕਾਰ ਤੇ ਨਾਟ-ਕਰਮੀ ਉਸ ਥਾਂ 'ਤੇ ਆਪਣੀ ਹਾਜ਼ਰੀ ਲਵਾਉਣੀ ਲੋਚਦਾ ਹੈ।

2017 ਵਿਚ ਪਰਵਾਸੀ ਸਾਹਿਤ ਅਧਿਐਨ ਕੇਂਦਰ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਅਤੇ ਪੰਜਾਬ ਭਵਨ ਸਰੀ ਕੈਨੇਡਾ ਵਿਚਕਾਰ ਇੱਕ ਦਸਤਾਵੇਜ਼ ਤੇ ਹਸਤਾਖ਼ਰ ਕੀਤੇ ਗਏ। ਜਿਸ ਵਿਚ ਅਹਿਦ ਕੀਤਾ ਗਿਆ ਕਿ ਦੋਵੇਂ ਸੰਸਥਾਵਾਂ ਮਿਲ ਕੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਸਰਬਪੱਖੀ ਉਨੱਤੀ ਲਈ ਯਤਨਸ਼ੀਲ ਹੋਣਗੀਆਂ। ਇਸੇ ਸੰਬੰਧ ਵਿਚ ਕੀਤੀ ਜਾ ਰਹੀ ਅਗਲੇਰੀ ਕਾਨਫ਼ਰੰਸ ਜੋ ਕਿ ਸਤੰਬਰ 2019 ਵਿਚ ਪੰਜਾਬ ਭਵਨ ਸਰੀ ਵਿਖੇ ਹੋ ਰਹੀ ਸੀ, ਮੈਨੂੰ ਵੀ ਕਾਲਜ ਅਧਿਆਪਕਾਂ ਦੇ ਵਿਚ ਸ਼ਾਮਿਲ ਹੋ ਕੇ ਸਰੀ ਜਾਣ ਦਾ ਮੌਕਾ ਮਿਲਿਆ।

ਕਾਨਫ਼ਰੰਸ ਦੇ ਆਯੋਜਕ ਵਜੋਂ ਸੁੱਖੀ ਬਾਠ ਆਪ ਏਅਰ ਪੋਰਟ ਤੇ ਲੈਣ ਲਈ ਪੁੱਜੇ। ਆਖਿਆ ਜਾਂਦਾ ਹੈ ਕਿ ਜਦੋਂ ਕੋਈ ਬੰਦਾ ਉਪਰਲੀ ਹਵਾ ਵਿਚ ਪਹੁੰਚ ਜਾਵੇ ਤਾਂ ਉਸ ਦਾ ਨਾਤਾ ਛੇਤੀ ਛੇਤੀ ਧਰਤੀ ਨਾਲੋਂ ਟੁੱਟ ਜਾਂਦਾ ਹੈ। ਪਰ ਸੁੱਖੀ ਬਾਠ ਦੇ ਸੰਦਰਭ ਵਿਚ ਇਹ ਗੱਲ ਆਖਣੀ ਤੇ ਮੰਨਣੀ ਉਚਿੱਤ ਪ੍ਰਤੀਤ ਨਹੀਂ ਹੁੰਦੀ। ਕਾਨਫ਼ਰੰਸ ਵਿਚ ਸ਼ਾਮਿਲ ਵਿਸ਼ਵ ਦੇ ਵੱਖ ਵੱਖ ਖਿੱਤਿਆਂ ਤੋਂ ਆ ਰਹੇ ਲੋਕਾਂ ਨੂੰ ਸੁੱਖੀ ਬਾਠ ਨੇ ਆਪ ਆ ਕੇ ਏਅਰਪੋਰਟ ਤੇ ਸੁਆਗਤ ਕੀਤਾ ਤੇ ਉਨ੍ਹਾਂ ਦੇ ਰਿਹਾਇਸ਼ੀ ਮੁਕਾਮ ਤੱਕ ਪੁਚਾਇਆ। ਕਾਨਫ਼ਰੰਸ ਦੇ ਦੋਵੇਂ ਦਿਨ ਹਰ ਵਿਅਕਤੀ ਦੀ ਪ੍ਰਾਹੁਣਾਚਾਰੀ ਦਾ ਵਿਸ਼ੇਸ਼ ਧਿਆਨ ਹਰ ਸਮੇਂ ਰੱਖਿਆ ਗਿਆ।

ਕਾਨਫ਼ਰੰਸ ਦੀ ਪੂਰਵ-ਸੰਧਿਆ 'ਤੇ ਡਾ. ਸ. ਪ. ਸਿੰਘ ਦੀ ਅਗਵਾਈ ਵਿਚ ਕਾਲਜ ਦੇ ਅਧਿਆਪਕਾਂ ਅਤੇ ਚੁਨਿੰਦਾ ਪ੍ਰਾਹਣਿਆਂ ਨੇ ਮਿਲ ਕੇ 'ਇਟਲੀ ਵਿਚ ਸਿੱਖ ਫ਼ੌਜੀ' ਬਲਵਿੰਦਰ ਸਿੰਘ ਚਾਹਲ ਦੀ ਲਿਖੀ ਪੁਸਤਕ ਦਾ ਲੋਕ ਅਰਪਣ ਸਮਾਗਮ ਰਚਾਇਆ।

ਜਿਸ ਵਿਚ ਸਾਹਿਤ ਅਤੇ ਇਤਿਹਾਸਕਾਰੀ ਦੇ ਇਸ ਸੁਮੇਲ ਉੱਤੇ ਵਿਸ਼ੇਸ਼ ਚਰਚਾ ਕੀਤੀ ਗਈ। ਦੱਸਿਆ ਗਿਆ ਕਿ ਇਹ ਪੁਸਤਕ ਪੰਜਾਬੀ ਸਾਹਿਤ ਦੇ ਖੇਤਰ ਵਿਚ ਮਿਲਟਰੀ ਦੀ ਇਤਿਹਾਸਕਾਰੀ ਦਾ ਸਰਬੋਤਮ ਨਮੂਨਾ ਬਨਣ ਦੇ ਸਮਰੱਥ ਹੈ।

ਅਗਲੇ ਦਿਨ ਸਵੇਰੇ ਕਾਨਫ਼ਰੰਸ ਦਾ ਰਸਮੀਂ ਉਦਘਾਟਨ ਡਾ. ਸ. ਪ. ਸਿੰਘ ਜੀ ਵਲੋਂ ਕੀਤਾ ਗਿਆ। ਉਨ੍ਹਾਂ ਨੇ ਹੀ ਕਾਨਫ਼ਰੰਸ ਦੇ ਪਹਿਲੇ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਵੀ ਕੀਤੀ। ਜਿਸ ਵਿਚ ਡਾ. ਹਰਿਭਜਨ ਸਿੰਘ ਭਾਟੀਆ, ਪ੍ਰੋ. ਮਨਜੀਤ ਸਿੰਘ ਛਾਬੜਾ, ਪਾਲ ਢਿੱਲੋਂ ਅਤੇ ਕੁਝ ਹੋਰ ਵਿਦਵਾਨਾਂ ਨੇ ਪਰਚੇ ਪ੍ਰਸਤੁਤ ਕੀਤੇ।

ਦੂਜੇ ਸੈਸ਼ਨ ਵਿਚ ਡਾ. ਸਾਧੂ ਸਿੰਘ, ਵਰਿਆਮ ਸਿੰਘ ਸੰਧੂ ਨੇ ਆਪਣੇ ਵਿਚਾਰ ਪ੍ਰਸਤੁਤ ਕੀਤੇ। ਜਿਨ੍ਹਾਂ ਦੀ ਭਰਪੂਰ ਪ੍ਰਸੰਸਾ ਵਿਸ਼ਵ ਭਰ ਤੋਂ ਇੱਕਠੇ ਹੋਏ ਡੈਲੀਗੇਟਾਂ ਵਲੋਂ ਕੀਤੀ ਗਈ।

ਦੁਪਹਿਰ ਦੇ ਖਾਣੇ ਉਪਰੰਤ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਮਰਪਿਤ ਸ਼ੈਸ਼ਨ ਕੀਤਾ ਗਿਆ। ਜਿਸ ਵਿਚ ਕੈਨੇਡੀਅਨ ਪੁਲੀਸ ਦੇ ਕਰਮਚਾਰੀਆਂ ਨੇ ਵੀ ਹਿੱਸਾ ਲਿਆ। ਇਸ ਸੈਸ਼ਨ ਵਿਚ ਪ੍ਰਸਿੱਧ ਵਿਦਵਾਨ ਸਾਧੂ ਬਿਨਿੰਗ ਨੇ ਪਰਚਾ ਪ੍ਰਸਤੁਤ ਕੀਤਾ। ਪੁਲੀਸ ਸਾਰਜੈਂਟ ਮਿ. ਜੈਗ ਖੋਸਾ ਵਲੋਂ ਭਾਈਚਾਰੇ ਨੂੰ ਵਿਸ਼ੇਸ਼ ਬੇਨਤੀਆਂ ਕੀਤੀਆਂ ਗਈਆਂ ਕਿ ਉਹ ਆਪਣੀ ਨੌਜੁਆਨ ਪੀੜ੍ਹੀ ਨੂੰ ਸੰਭਾਲਣ ਦਾ ਯਤਨ ਕਰਨ।




**ਪ੍ਰੋ. ਮਨਜੀਤ ਸਿੰਘ ਛਾਬੜਾ, ਜਰਨੈਲ ਸਿੰਘ ਚਿੱਤਰਕਾਰ, ਕਵਿੰਦਰ ਚਾਂਦ, ਸੁੱਖੀ ਬਾਠ, ਪਾਲ ਢਿੱਲੋਂ, ਮੋਹਨ ਗਿੱਲ, ਡਾ. ਸਾਧੂ ਸਿੰਘ ਤੇ ਪ੍ਰੋ. ਸਰਬਜੀਤ ਸਿੰਘ**

ਸ਼ਾਮ ਨੂੰ ਅਨੀਤਾ ਸ਼ਬਦੀਸ਼ ਵਲੋਂ ਇੱਕ ਪਾਤਰੀ ਨਾਟਕ ਦੀ ਪੇਸ਼ਕਾਰੀ ਕੀਤੀ ਗਈ ਜਿਸ ਦੀ ਭਰਪੂਰ ਸ਼ਲਾਘਾ ਹੋਈ।


ਇਸ ਤਰ੍ਹਾਂ ਦੂਜੇ ਵੀ ਅਕਾਦਮਿਕ ਸੈਸ਼ਨ, ਕਵੀ-ਦਰਬਾਰ ਤੇ ਸਮਾਜਿਕ ਮਿਲਣੀਆਂ ਨਾਲ ਵੱਖ ਵੱਖ ਪੁਸਤਕਾਂ ਦੀ ਪੁਸਤਕ ਵਿਮੋਚਨ ਸਮਾਰੋਹ ਕਰਵਾਏ ਗਏ। ਇੱਕ ਦੂਜੇ ਦੀ ਖ਼ੂਬ ਪ੍ਰਸੰਸਾ ਕਰਦੇ ਹੋਏ ਇਹ ਦੋ ਦਿਨਾਂ ਕਾਨਫ਼ਰੰਸ ਸਮਾਪਤ ਹੋਈ।

ਸਰੀ ਵਿਚ ਪੰਜਾਬੀਆਂ ਦਾ ਇਸ ਪ੍ਰਕਾਰ ਮਾਂ-ਬੋਲੀ ਅਤੇ ਸਭਿਆਚਾਰ ਨੂੰ ਸਮਰਪਿਤ ਹੋਣਾ ਆਪਣੇ ਆਪ ਵਿਚ ਅਤੀ ਸ਼ਲਾਘਾਯੋਗ ਕਦਮ ਸੀ ਜਿਸ ਦਾ ਸਮੁੱਚਾ ਸਿਹਰਾ ਸੁੱਖੀ ਬਾਠ ਦੇ ਸਿਰ ਤੇ ਹੈ।

**ਪ੍ਰੋ. ਮਨਜੀਤ ਸਿੰਘ ਛਾਬੜਾ**
**ਡਾਇਰੈਕਟਰ**
**ਜੀ. ਜੀ. ਐਨ. ਆਈ. ਐਮ. ਟੀ., ਲੁਧਿਆਣਾ**




**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵਿਖੇ ਮੋਹਨ ਗਿੱਲ ਨੂੰ ਸਨਮਾਨਿਤ ਕਰਦੇ ਹੋਏ**



**ਪਰਵਾਸ ਪੱਤ੍ਰਿਕਾ ਰਿਲੀਜ਼ ਕਰਦੇ ਹੋਏ**

# ਪੰਜਾਬੀ ਅਦਬ ਨੂੰ ਪ੍ਰਣਾਇਆ-ਪੰਜਾਬ ਭਵਨ, ਸਰੀ (ਕੈਨੇਡਾ)

## ਡਾ. ਗੁਰਬਖ਼ਸ਼ ਸਿੰਘ ਭੰਡਾਲ



ਪੰਜਾਬ ਭਵਨ, ਸਰੀ, ਕੈਨੇਡਾ, ਸੁੱਖੀ ਬਾਠ ਹੁਰਾਂ ਦੇ ਮਨ ਵਿਚ ਆਏ ਸੱਚੇ-ਸੁੱਚੇ ਫੁਰਨੇ ਦਾ ਸੱਚ ਹੈ ਜੋ ਪਿਛਲੇ ਸੱਤ ਸਾਲਾਂ ਤੋਂ ਆਪਣੀਆਂ ਸਾਹਿਤਕ ਅਤੇ ਸਭਿਆਚਾਰਕ ਸਰਗਰਮੀਆਂ ਸਦਕਾ, ਅਦਬ ਨਾਲ ਜੁੜੇ ਪੰਜਾਬੀਆਂ ਦਾ ਮੁਕੱਦਸ ਸਥਾਨ ਬਣ ਗਿਆ ਹੈ। ਅਦਬ ਨਾਲ ਮੋਹ ਕਰਨ ਵਾਲੇ ਸੁੱਖੀ ਬਾਠ ਦਾ ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਲਗਾਅ ਹੀ ਹੈ ਕਿ ਉਸਨੇ ਕੈਨੇਡਾ ਦੇ ਉੱਘੇ ਬਿਜਨੈੱਸਮੈਨ ਹੋਣ ਦੇ ਨਾਲ-ਨਾਲ, ਅਦਬੀ ਹਲਕਿਆਂ ਵਿਚ ਮਾਣਮੱਤੀ ਜਗਾ ਬਣਾਈ ਹੈ। ਪੰਜਾਬ ਦੀਆਂ ਕਈ ਸਿਰਮੌਰ ਸਾਹਿਤਕ ਸੰਸਥਾਵਾਂ ਨੂੰ ਸਹਿਯੋਗ ਦੇ ਕੇ, ਪੰਜਾਬ ਭਵਨ, ਸਰੀ ਨੇ ਆਪਣੀ ਸਾਹਿਤ ਪ੍ਰਤੀ ਪ੍ਰਤੀਬੱਧਤਾ ਨੂੰ ਹੋਰ ਪਰਪੱਕ ਕੀਤਾ ਹੈ। ਦਰਅਸਲ ਸੁੱਖੀ ਬਾਠ ਹੁਰਾਂ ਦੇ ਮਨ ਵਿਚ ਕੁਦਰਤ ਵੱਲੋਂ ਬਖਸ਼ੀਆਂ ਨਿਆਮਤਾਂ ਦੇ ਸ਼ੁਕਰਾਨੇ ਵਜੋਂ ਸਾਹਿਤਕ ਤੇ ਸਭਿਆਚਾਰਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਦਾ ਜੋ ਉੱਦਮ ਕੀਤਾ ਜਾ ਰਿਹਾ ਹੈ, ਉਹ ਜ਼ਿੱਕਰਯੋਗ ਹੈ। ਕੈਨੇਡਾ ਫੇਰੀ ਤੇ ਆਈਆਂ ਅਦਬੀ ਸਖ਼ਸ਼ੀਅਤਾਂ ਨੂੰ ਪੰਜਾਬ ਭਵਨ 'ਚ ਸੱਦ ਕੇ ਉਨ੍ਹਾਂ ਦੇ ਮਾਣ-ਸਨਮਾਨ ਦੀ ਪਿਰਤ ਦਰਸਾਉਂਦੀ ਹੈ ਕਿ ਸੁੱਖੀ ਬਾਠ ਦੇ ਮਨ ਵਿਚ ਪੰਜਾਬ ਦੇ ਅਦਬੀ ਉਦਮੀਆਂ ਲਈ ਬਹੁਤ ਸਤਿਕਾਰ ਹੈ। ਪੰਜਾਬ ਭਵਨ, ਸਰੀ ਸਿਰਫ਼ ਪੰਜਾਬੀਆਂ ਦੇ ਅਦਬੀ ਸਮਾਗਮਾਂ ਦਾ




'ਪਰਵਾਸ' ਪੱਤ੍ਰਿਕਾ ਦਾ ਬਰਤਾਨੀਆ ਵਿਸ਼ੇਸ਼ ਅੰਕ ਰਿਲੀਜ਼ ਕਰਦੇ ਹੋਏ

ਹੀ ਕੇਂਦਰ ਹੀ ਨਹੀਂ ਸਗੋਂ ਵੈਨਕੂਵਰ ਖੇਤਰ ਵਿਚ ਵੱਸਦੀਆਂ ਸਾਰੀਆਂ ਕਮਿਊਨਿਟੀਆਂ ਦੇ ਕਲਚਰਲ ਪ੍ਰੋਗਰਾਮਾਂ ਲਈ ਵੀ ਆਪਣੇ ਦਰ ਖੋਲ੍ਹ ਕੇ ਰੱਖਦਾ ਹੈ। ਮਹੀਨੇ ਵਿਚ ਪੱਚੀ ਦਿਨ ਪੰਜਾਬ ਭਵਨ ਵਿਚ ਰੌਣਕਾਂ ਲੱਗੀਆਂ ਹੀ ਰਹਿੰਦੀਆਂ ਹਨ। ਪੰਜਾਬ ਭਵਨ, ਸਰੀ ਨੂੰ ਉਚੇਰੀਆਂ ਬੁਲੰਦੀਆਂ ਦੇ ਪਹੁੰਚਾਉਣ ਵਿਚ ਸੁੱਖੀ ਬਾਠ ਦੀ ਪ੍ਰੇਰਨਾ, ਸੇਧ ਅਤੇ ਸੰਪੂਰਨ ਸਹਿਯੋਗ ਦੇ ਨਾਲ-ਨਾਲ, ਸ਼ਾਇਰ ਕਵਿੰਦਰ ਚਾਂਦ ਦੀਆਂ ਅਦਿੱਖ ਕੋਸ਼ਿਸਾਂ ਵੀ ਕਾਬਲੇ ਤਾਰੀਫ਼ ਹਨ। ਸੁੱਖੀ ਬਾਠ ਦੇ ਉੱਦਮ ਨਾਲ ਪੰਜਵਾਂ ਸਾਲਾਨਾ ਸਮਾਗਮ 8 ਤੇ 9 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਦਰਪੇਸ਼ ਚੁਣੌਤੀਆਂ ਦੇ ਪਰਿਪੇਖ ਵਿਚ ਕਰਵਾਏ ਜਾ ਰਹੇ ਇਸ ਸਮਾਗਮ ਦੀ ਕਾਮਯਾਬੀ ਲਈ ਪੰਜਾਬ ਭਵਨ, ਸਰੀ ਦੀ ਸਮੁੱਚੀ ਟੀਮ ਨੂੰ ਢੇਰ ਸਾਰੀਆਂ ਸ਼ੁੱਭ ਕਾਮਨਾਵਾਂ।

**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਕਲੀਵਲੈਂਡ, ਅਮਰੀਕਾ**

# ਕੈਨੇਡਾ ਦੇ ਪੰਜਾਬੀ ਲੇਖਕਾਂ ਦਾ ਕੇਂਦਰੀ ਸਥਾਨ: ਪੰਜਾਬ ਭਵਨ

**ਪ੍ਰਿੰ. ਸੁਰਿੰਦਰ ਪਾਲ ਕੌਰ ਬਰਾੜ**



ਸਭ ਤੋਂ ਪਹਿਲਾਂ ਮੈਂ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵਲੋਂ ਪੰਜਾਬ ਭਵਨ ਸਰੀ ਕੈਨੇਡਾ ਦੁਆਰਾ 8 ਅਤੇ 9 ਅਕਤੂਬਰ ਨੂੰ ਹੋਣ ਵਾਲੀ ਪੰਜਾਬੀ ਅੰਤਰਰਾਸ਼ਟਰੀ ਕਾਨਫ਼ਰੰਸ ਵਾਲੇ ਦਿਨ ਪਰਵਾਸ ਮੈਗਜ਼ੀਨ ਦਾ ਇਕ ਅੰਕ ਪੰਜਾਬ ਭਵਨ ਸਰੀ, ਕੈਨੇਡਾ ’ਤੇ ਕੇਂਦਰਿਤ ਕਰਨ ਲਈ ਸਾਰੀ ਕਾਰਜਕਾਰਨੀ ਅਤੇ ਸਟਾਫ਼ ਨੂੰ ਬਹੁਤ ਬਹੁਤ ਵਧਾਈ ਦਿੰਦੀ ਹਾਂ। ਪੰਜਾਬ ਭਵਨ ਨਾਲ ਮੇਰੀ ਸਾਂਝ 2 ਅਕਤੂਬਰ 2016 ਤੋਂ ਹੈ ਜਦ ਤੋਂ ਪਹਿਲੀ ਕਾਨਫ਼ਰੰਸ ਹੋਈ ਸੀ। ਸਲਾਨਾ ਕਾਨਫ਼ਰੰਸ ਤੋਂ ਇਲਾਵਾ ਹਰ ਮਹੀਨੇ ਪੰਜਾਬ ਭਵਨ ਵਿਚ ਵੱਖ-ਵੱਖ ਸਮਾਗਮ ਕੀਤੇ ਜਾਂਦੇ ਹਨ ਜੋ ਸਮਾਜਿਕ ਅਤੇ ਵੱਖ ਵੱਖ ਗਤੀਵਿਧੀਆਂ ’ਤੇ ਆਧਾਰਿਤ ਹੁੰਦੇ ਹਨ। ਮੈਂ ਸਮਝਦੀ ਹਾਂ ਕਿ ਪੰਜਾਬ ਭਵਨ ਪੰਜਾਬੀ ਲੇਖਕਾਂ ਲਈ ਸੱਚਮੁੱਚ ਹੀ ਇਕ ਮੱਕਾ ਹੈ। ਇਥੇ ਸਿਰਫ਼ ਪੰਜਾਬੀ ਵਿਚ ਹੀ ਨਹੀਂ ਸਗੋਂ ਹੋਰ ਵੀ ਕਈ ਭਾਸ਼ਾਵਾਂ ਵਿਚ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ। ਪਿਛਲੇ ਚਾਰ ਸਾਲ ਤੋਂ ਜਲੰਧਰ ਵਿਚ ਵੀ ਦਫ਼ਤਰ ਖੋਲਿਆ ਗਿਆ ਹੈ। ਸੁੱਖੀ ਬਾਠ ਇਨ੍ਹਾਂ ਸਾਰੇ ਸਮਾਗਮਾਂ ਦੇ ਰੂਹੇ-ਰਵਾਂ ਹਨ। ਕਵਿੰਦਰ ਚਾਂਦ ਅਤੇ ਅਮਰੀਕ ਪਲਾਹੀ ਬਹੁਤ ਹੀ ਹਿੰਮਤ, ਹੌਂਸਲੇ ਅਤੇ ਸਿਰੜ ਨਾਲ ਇਨ੍ਹਾਂ ਸਮਾਗਮਾਂ ਦੀ ਯੋਜਨਾਬੰਦੀ ਕਰਕੇ ਬੜੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹ ਰਹੇ ਹਨ। ਪੰਜਾਬ ਭਵਨ ਵਿਚ ਪੰਜਾਬੀ ਸਕੂਲ ਵੀ ਚੱਲ ਰਿਹਾ ਹੈ। ‘ਸੁਗੰਧੀਆਂ’ ਮੈਗਜ਼ੀਨ ਵੀ ਪ੍ਰਕਾਸ਼ਿਤ ਕੀਤਾ ਜਾਂਦਾ ਰਿਹਾ ਹੈ। 40 ਦੇ ਕਰੀਬ ਸਕੂਲਾਂ ਨਾਲ Mutual offer understanding ਨਾਲ ਕੰਮ ਕੀਤਾ ਜਾ ਰਿਹਾ ਹੈ। ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ ਪਾਕਿਸਤਾਨ, ਕੁਰੂਕਸ਼ੇਤਰ ਯੂਨੀਵਰਸਿਟੀ ਅਤੇ ਦਿੱਲੀ ਯੂਨੀਵਰਸਿਟੀ ਨਾਲ ਮਿਲਕੇ ਵੀ ਇਸ ਕਾਰਜ ਤੇ ਕੰਮ ਕੀਤਾ ਜਾ ਰਿਹਾ ਹੈ। ਪੰਜਾਬ ਦੇ 40 ਕਾਲਜਾਂ ਨੂੰ Sign up ਕੀਤਾ ਗਿਆ, ਯੂਰਪ ਵਿਚ ਵੀ ਹੁਣ ਤੱਕ ਪੰਜ ਕਾਨਫ਼ਰੰਸਾਂ ਕਰਵਾਈਆਂ ਜਾ ਚੁੱਕੀਆਂ ਹਨ। ਆਸਟਰੇਲੀਆ ਦੇ ਸਾਰੇ ਵੱਡੇ ਵੱਡੇ ਸ਼ਹਿਰਾਂ ਵਿਚ ਪੰਜਾਬ ਭਵਨ ਵਲੋਂ ਸਮਾਗਮ ਸਮੇਂ ਸਮੇਂ ਆਯੋਜਿਤ ਕੀਤੇ ਜਾਂਦੇ ਹਨ। ਹਰ ਸਾਲ ਅੰਤਰਾਸ਼ਟਰੀ ਪੰਜਾਬੀ ਕਾਨਫ਼ਰੰਸ ਮੌਕੇ ਪੰਜਾਬੀ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਸ. ਅਰਜਨ ਸਿੰਘ ਬਾਠ ਐਵਾਰਡ ਦਿੱਤਾ ਜਾਂਦਾ ਹੈ। Henry Ford ਠੀਕ ਹੀ ਕਿਹਾ ਹੈ:-" Give the best you have got today that's a recipe for a better tommorrow".

ਜਦੋਂ ਤੋਂ ਪੰਜਾਬ ਭਵਨ ਵਲੋਂ ਅੰਤਰਰਾਸ਼ਟਰੀ ਪੱਧਰ ਤੇ ਸਮਾਗਮ ਹੋਣੇ ਸ਼ੁਰੂ ਹੋਏ ਹਨ ਮੈਂ ਉਦੋਂ ਤੋਂ ਹੀ ਇਨ੍ਹਾਂ ਦੇ ਸਲਾਹਕਾਰ ਬੋਰਡ ਦੀ ਮੈਂਬਰ ਹਾਂ। ਮੈਂ ਕਈ ਵਾਰ ਸੋਚਦੀ ਹਾਂ ਕਿ ਆਪਣੇ ਕਾਰੋਬਾਰ ’ਚੋਂ ਏਨਾ ਵਕਤ ਕੱਢਣਾ ਇਹ ਸੁੱਖੀ ਬਾਠ ਦਾ ਹੀ ਕੰਮ ਹੈ। Emerson ਠੀਕ ਹੀ ਕਿਹਾ ਸੀ:- "Without a rich heart, Wealth is an ugly begger."

ਇੱਥੇ ਪੰਜਾਬੀ ਬਹੁਤ ਵੱਸਦੇ ਹਨ, ਪੈਸਾ ਵੀ ਬਹੁਤ ਹੈ ਪਰ ਮਾਂ-ਬੋਲੀ ਦਾ ਸਬਕ ਵਿਰਲੇ ਹੀ ਪੜ੍ਹਦੇ ਅਤੇ ਪੜ੍ਹਾਉਂਦੇ ਹਨ:-

'ਤੇਰੀ ਮਾਂ ਬੋਲੀ ਏ ਬੀਬਾ, ਕੱਖਾਂ ਵਾਂਗ ਨਾਂ ਰੋਲ ਪੰਜਾਬੀ,
ਪੜ੍ਹ ਪੰਜਾਬੀ, ਲਿਖ ਪੰਜਾਬੀ, ਗੈਰਤਮੰਦਾ ਬੋਲ ਪੰਜਾਬੀ।'

ਕਿਸੇ ਉਰਦੂ ਸ਼ਾਇਰ ਨੇ ਵੀ ਬੜਾ ਸੋਹਣਾ ਕਿਹਾ ਹੈ

'ਆਪਣੀ ਮਾਟੀ ਪੇ ਚਲਨੇ ਕਾ ਸਲੀਕਾ ਸੀਖੋ,
ਸੰਗਮਰਮਰ ਪਰ ਚਲੋਗੇ ਤੋ ਫਿਸਲ ਜਾਉਗੇ।'

ਦੁਨੀਆ ਦਾ ਇਤਿਹਾਸ ਵੀ ਉਨ੍ਹਾਂ ਕੁਝ ਕੁ ਇਨਸਾਨਾਂ ਦੀ ਕਹਾਣੀ ਕਹਿੰਦਾ ਹੈ ਜਿਨ੍ਹਾਂ ਨੂੰ ਆਪਣੇ ਆਪ ਤੇ ਵਿਸ਼ਵਾਸ਼ ਸੀ। ਪੰਜਾਬ ਭਵਨ ਨਾਲ ਜੁੜੇ ਸਾਹਿਤਕਾਰ ਜਿਵੇਂ ਕਵਿੰਦਰ ਚਾਂਦ ਅਤੇ ਅਮਰੀਕ ਪਲਾਹੀ ਦਿਨ ਰਾਤ ਕੰਮ ਕਰ ਰਹੇ ਹਨ।

ਕੋਈ ਵੀ Paid worker ਨਹੀਂ ਸਭ ਮਾਂ-ਬੋਲੀ ਦੇ ਪੁਜਾਰੀ ਹਨ:-

'ਸੁਰੀਲੇ ਕਾਰਵਾਂ ਰਹੀਏ, ਮਗਰ ਇਸ ਸ਼ਾਨ ਸੇ ਰਹੀਏ,
ਕਿ ਰੁਕੀਏ ਭੀ ਤੋ ਮੁੜ ਕਰ ਕਾਰਵਾਂ ਕਾ ਕਾਰਵਾਂ ਦੇਖੇ।'



**ਪੰਜਾਬ ਭਵਨ ਸਰੀ ਵਿਖੇ ਸਰਗਰਮ ਕਲਮਾਂ ਦੀ ਇਕ ਮਿਲਣੀ**

ਮੈਂ ਇਕ ਵਾਰ ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਬਕਾ ਵਾਇਸ ਚਾਂਸਲਰ ਡਾ. ਸ. ਪ. ਸਿੰਘ, ਕਾਲਜ ਦੇ ਪ੍ਰਿੰਸੀਪਲ ਸਾਹਿਬ, ਪ੍ਰੋ. ਸ਼ਰਨਜੀਤ ਕੌਰ ਅਤੇ ਡਾ. ਤੇਜਿੰਦਰ ਕੌਰ ਦੀ ਤਹਿ ਦਿਲੋਂ ਸ਼ੁਕਰਗੁਜਾਰ ਹਾਂ ਜੋ ਬੜੀ ਹੀ ਪ੍ਰਤੀਬੱਧਤਾ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਤਤਪਰ ਹਨ। ਸੁੱਖੀ ਬਾਠ ਦੇ ਸੰਘਰਸ਼ ਅਤੇ ਅਣਥਕ ਮਿਹਨਤ ਬਾਰੇ ਮੈਂ ਮਜ਼ਰੂਹ ਸੁਲਤਾਨਪੁਰੀ ਦੇ ਲਫ਼ਜ਼ ਵਿਚ ਏਨਾ ਹੀ ਕਹਾਂਗੀ:-

'ਮੈਂ ਅਕੇਲਾ ਹੀ ਚਲਾ ਥਾ ਜਾਨਿਬੇ-ਮੰਜ਼ਿਲ ਮਗਰ
ਲੋਗ ਸਾਥ ਆਤੇ ਗਏ ਔਰ ਕਾਰਵਾਂ ਬਨਤਾ ਗਯਾ।'

**ਪ੍ਰਿੰ. ਸੁਰਿੰਦਰ ਪਾਲ ਕੌਰ ਬਰਾੜ**
**ਸਰੀ, ਕੈਨੇਡਾ**
**+1604 780 2610**

# ਪੰਜਾਬ ਭਵਨ ਸਰੀ ਕੈਨੇਡਾ ਨੂੰ 5ਵੀਂ ਪੰਜਾਬੀ ਕਾਨਫ਼ਰੰਸ ਲਈ ਸ਼ੁੱਭ ਕਾਮਨਾਵਾਂ

**ਪ੍ਰਿੰ. ਡਾ. ਅਰਵਿੰਦਰ ਸਿੰਘ ਭੱਲਾ**




ਵਿਸ਼ਵ ਦੇ ਹਰ ਹਿੱਸੇ 'ਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਹਰੇਕ ਹਿਤੈਸ਼ੀ ਸੁੱਖੀ ਬਾਠ ਦੁਆਰਾ ਕਨੇਡਾ ਦੇ ਸ਼ਹਿਰ ਸਰੀ ਵਿਚ ਸਥਾਪਤ 'ਪੰਜਾਬ ਭਵਨ' ਦੇ ਨਾਮ ਤੋਂ ਕੇਵਲ ਆਸ਼ਨਾ ਹੀ ਨਹੀਂ ਸਗੋਂ ਸੁੱਖੀ ਬਾਠ ਵਲੋਂ ਵਿਸ਼ਵ ਭਰ ਵਿਚ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਦੇ ਖੇਤਰ ਵਿੱਚ ਪਾਏ ਜਾ ਰਹੇ ਅਜੀਮੋਸ਼ਾਨ ਯੋਗਦਾਨ ਕਰਕੇ, ਸੁੱਖੀ ਬਾਠ ਦਾ ਮੁਰੀਦ ਵੀ ਹੈ। ਸੁੱਖੀ ਬਾਠ ਅਤੇ ਪੰਜਾਬ ਭਵਨ ਨੂੰ ਪਿਆਰ ਕਰਨ ਵਾਲਿਆਂ ਦੀ ਫ਼ਹਿਰਿਸਤ ਬਹੁਤ ਲੰਮੀ ਹੈ। ਪਿਛਲੇ ਲੰਮੇ ਸਮੇਂ ਤੋਂ ਉਹਨਾਂ ਵਲੋਂ ਪੰਜਾਬ ਭਵਨ ਸਰੀ, ਕੈਨੇਡਾ ਵਿਖੇ ਕਰਵਾਏ ਗਏ ਵਿਸ਼ਵ ਪੰਜਾਬੀ ਸੰਮੇਲਨਾਂ ਨੇ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲੇ ਹਰੇਕ ਵਿਅਕਤੀ ਦਾ ਦਿਲ ਜਿੱਤਿਆ ਹੈ। ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦਾ ਪੰਜਾਬ ਭਵਨ, ਸਰੀ (ਕਨੇਡਾ) ਅਤੇ ਸੁੱਖੀ ਬਾਠ ਨਾਲ ਬਹੁਤ ਹੀ ਨਿੱਘਾ, ਨਿਗਰ ਅਤੇ ਅਨਖਿੜਵਾਂ ਸੰਬੰਧ ਹੈ। ਸੁੱਖੀ ਬਾਠ ਅਤੇ ਉਹਨਾਂ ਦੀ ਸਹਿਯੋਗੀ ਟੀਮ ਵਲੋਂ ਪੰਜਾਬ ਭਵਨ, ਸਰੀ (ਕਨੇਡਾ) ਵਿਖੇ ਪੰਜਵਾਂ ਸਾਲਾਨਾ ਸਮਾਗਮ 8-9 ਅਕਤੂਬਰ, 2023 ਨੂੰ ਕਰਵਾਇਆ ਜਾ ਰਿਹਾ ਹੈ। ਇਹ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਲਈ ਬੇਹੱਦ ਫ਼ਖ਼ਰ ਦਾ ਸਬੱਬ ਅਤੇ ਮੁਸੱਰਤ ਦਾ ਮੌਕਾ ਹੈ ਕਿ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਪੰਜਾਬ ਭਵਨ ਵਲੋਂ ਉਲੀਕੇ ਜਾਣ ਵਾਲੀ ਹਰੇਕ ਸਾਹਿਤਕ ਤੇ ਸਭਿਆਚਾਰਕ ਸਰਗਰਮੀ ਵਿਚ ਹਮੇਸ਼ਾ ਸਰਗਰਮ ਰੂਪ ਵਿਚ ਸ਼ਾਮਲ ਹੁੰਦਾ



**ਪਰਵਾਸੀ ਸਾਹਿਤ ਅਧਿਐਨ ਕੇਂਦਰ ਵਲੋਂ ਆਯੋਜਿਤ 2018 ਦੀ ਅੰਤਰਰਾਸ਼ਟਰੀ ਕਾਨਫ਼ਰੰਸ ਮੌਕੇ**

ਰਿਹਾ ਹੈ। ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵਲੋਂ ਸੁੱਖੀ ਬਾਠ ਨੂੰ ਪੰਜਾਬ ਭਵਨ ਵਲੋਂ ਕਰਵਾਏ ਜਾਣ ਵਾਲੇ ਪੰਜਵੇਂ ਸਾਲਾਨਾ ਸਮਾਗਮ (8-9 ਅਕਤੂਬਰ, 2023) ਲਈ ਤਹਿ ਦਿਲੋਂ ਸ਼ੁਭ ਕਾਮਨਾਵਾਂ ਭੇਜਦੇ ਹੋਏ ਮਾਣ ਮਹਿਸੂਸ ਕਰਦਾ ਹਾਂ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਇਹ ਸੰਮੇਲਨ ਆਪਾਰ ਸਫਲਤਾ ਹਾਸਲ ਕਰੇ। ਆਮੀਨ !

**ਡਾ. ਅਰਵਿੰਦਰ ਸਿੰਘ ਭੱਲਾ**
**ਪ੍ਰਿੰਸੀਪਲ**
**ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ**



**ਕਾਲਜ ਦੇ ਪੰਜਾਬੀ ਵਿਭਾਗ ਦੇ ਅਧਿਆਪਕਾਂ ਵਲੋਂ ਸੰਪਾਦਿਤ ਪੁਸਤਕਾਂ ਨੂੰ ਰਿਲੀਜ਼ ਕਰਦੇ ਹੋਏ**




**ਪਰਵਾਸੀ ਸਾਹਿਤ ਅਧਿਐਨ ਕੇਂਦਰ ਵਲੋਂ ਸਨਮਾਨਿਤ ਪਰਵਾਸੀ ਪੰਜਾਬੀ ਸਾਹਿਤਕਾਰ**

# ਪੰਜਾਬ ਭਵਨ ਸਰੀ ਕੈਨੇਡਾ ਨੂੰ ਪੰਜਵੀਂ ਵਿਸ਼ਵ ਵਿਆਪੀ ਪੰਜਾਬੀ ਕਾਨਫ਼ਰੰਸ ਲਈ ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਵਧਾਈ

**ਦਲਜਿੰਦਰ ਰਹਿਲ**



ਇਸ ਵਿਚ ਕੋਈ ਸ਼ੱਕ ਨਹੀਂ ਕਿ ਪੂਰਾ ਵਿਸ਼ਵ ਇਕ ਪਿੰਡ ਬਣਦਾ ਜਾ ਰਿਹਾ ਹੈ। ਸੋਚਣ ਵਾਲੀ ਗੱਲ ਹੈ ਕੇ ਇਸ ਵਿਸ਼ਵ ਪੱਧਰੀ ਵਿਸ਼ਾਲ ਪਿੰਡ ਵਿੱਚ ਅਸੀਂ ਕਿੱਥੇ ਖੜ੍ਹੇ ਹਾਂ , ਕੀ ਕਰ ਰਹੇ ਹਾਂ ਤੇ ਕਿੱਥੇ ਜਾਣਾ ਹੈ ? ਇਹ ਫ਼ਿਕਰ ਵੀ ਵੱਡਾ ਹੈ ਤੇ ਇਸ ਦੀਆਂ ਮੁਸ਼ਕਲਾਂ ਵੀ।ਸਾਂਝੇ ਸਮਾਜ ਨੂੰ ਪ੍ਰਾਪਤੀਆਂ ਤੇ ਸਥਾਪਤੀ ਵੱਲ ਵਧਣ ਲਈ ਸਾਂਝੇ ਤੇ ਸਾਰਥਿਕ ਯਤਨਾਂ ਦੀ ਲੋੜ ਹੁੰਦੀ ਹੈ। ਇਨਾ ਯਤਨਾਂ ਦੀ ਪ੍ਰਾਪਤੀ ਲਈ ਹੀ ਡਾ. ਐਸ. ਪੀ. ਸਿੰਘ ਅਤੇ ਪ੍ਰੋ. ਗੁਰਭਜਨ ਸਿੰਘ ਗਿੱਲ ਹੁਰਾਂ ਵਰਗੀਆਂ ਸ਼ਖਸ਼ੀਅਤਾਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਨੇਡਾ ਵਿੱਚ ਪੰਜਾਬੀਅਤ ਪ੍ਰਤੀ ਬਹੁਤ ਹੀ ਸੰਜੀਦਾ ਤੇ ਸੁਹਿਰਦ ਵੱਡੇ ਕਾਰੋਬਾਰੀ ਸੁੱਖੀ ਬਾਠ ਹੁਰਾਂ ਵਲੋਂ ਕਈ ਸਾਲ ਪਹਿਲਾਂ ਪੰਜਾਬ ਭਵਨ ਸਰੀ ਕਨੇਡਾ ਨਾਂ ਦੀ ਸੰਸਥਾ ਉਸਾਰ ਕੇ ਇਹ ਯਤਨ ਅਰੰਭੇ ਗਏ। ਥੋੜੇ ਸਮੇਂ ਵਿੱਚ ਹੀ ਸੁੱਖੀ ਬਾਠ ਜੀ ਦੀ ਮਿਹਨਤ, ਲਗਨ ਅਤੇ ਪੰਜਾਬ ਭਵਨ ਸਰੀ ਕਨੇਡਾ ਦੀਆਂ ਸਰਗਰਮੀਆਂ ਕਾਰਨ ਇਹ ਸੰਸਥਾ ਵਿਸ਼ਵ ਭਰ ਵਿਚ ਹਰਮਨ ਪਿਆਰੀ ਹੋ ਕੇ ਵਿਸ਼ਵ ਭਰ ਦੇ ਪੰਜਾਬੀ ਭਾਈਚਾਰੇ, ਬੁੱਧੀਜੀਵੀਆਂ, ਸਾਹਿਤਕ ਸਭਾਵਾਂ, ਸੰਸਥਾਵਾਂ ਤੇ ਵਿਦਿਅਕ ਅਦਾਰਿਆਂ ਨਾਲ ਮਿਲ ਕੇ ਵਿਸ਼ਵ ਪੱਧਰੀ ਕਾਰਜ਼ ਕਰਨ ਵਿੱਚ ਸਫਲ ਰਹੀ। ਭਵਨ ਦੇ ਸਰਪ੍ਰਸਤ ਤੇ ਸੰਸਥਾਪਕ ਸੁੱਖੀ ਬਾਠ ਅਤੇ ਉਨਾ ਦੀ ਟੀਮ ਵੱਲੋਂ ਜਿੱਥੇ ਪੰਜਾਬ ਭਵਨ ਸਰੀ ਕਨੇਡਾ ਵਿੱਚ ਅਨੇਕਾਂ ਵਿਸ਼ਵ ਪੱਧਰੀ, ਸਾਹਿਤਿਕ, ਸਮਾਜਿਕ, ਕਲਾ ਕਿਰਤਾਂ ਤੇ ਸੱਭਿਆਚਾਰਕ ਸਮਾਗਮ ਤੇ ਮਾਨ ਸਨਮਾਨ ਕੀਤੇ ਜਾਂਦੇ ਹਨ ਉੱਥੇ ਸੁੱਖੀ ਬਾਠ ਜੀ ਵਿਸ਼ਵ ਭਰ ਵਿੱਚ ਵਿਚਰਦਿਆਂ ਦੁਨੀਆ ਦੇ ਕੋਨੇ ਕੋਨੇ ਵਿਚ ਜਾ ਕੇ ਪੰਜਾਬ ,ਪੰਜਾਬੀ ਤੇ




**ਪਰਵਾਸੀ ਸਾਹਿਤ ਅਧਿਐਨ ਕੇਂਦਰ ਵਿਖੇ ਪਰਵਾਸੀ ਸਾਹਿਤਕਾਰਾਂ ਨੂੰ ਸਨਮਾਨਿਤ ਕਰਦੇ ਹੋਏ**

ਪੰਜਾਬੀਅਤ ਦਾ ਹੋਕਾ ਦੇ ਕੇ ਲੋਕਾਂ ਨੂੰ ਸਾਂਝੇ ਮੰਚ ਤੇ ਸਾਂਝੇ ਯਤਨਾਂ ਲਈ ਪ੍ਰੇਰਿਤ ਕਰ ਰਹੇ ਹਨ। ਫਿਰ ਭਾਵੇਂ ਉਹ ਮੁਲਕ ਕਨੇਡਾ, ਅਮਰੀਕਾ, ਆਸਟ੍ਰੇਲੀਆ, ਏਸ਼ੀਆ, ਅਰਬ ਜਾਂ ਯੂਰਪ ਦੇ ਹੋਣ। ਬਾਠ ਸਾਹਿਬ ਅਪਣੇ ਸੰਜੀਦਾ ਤੇ ਸਾਰਥਿਕ ਵਿਚਾਰਾਂ ਦੇ ਨਾਲ ਨਾਲ ਵੱਡੀ

ਆਰਥਿਕ ਮੱਦਦ ਵੀ ਅਜਿਹੇ ਕਾਰਜਾਂ ਲਈ ਵੱਡੇ ਪੱਧਰ ਤੇ ਕਰ ਰਹੇ ਹਨ। ਇਸੇ ਤਹਿਤ ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਕਰਵਾਈਆਂ ਗਈਆਂ ਇਟਲੀ ਵਿਚ ਦੋ ਯੂਰਪੀ ਪੰਜਾਬੀ ਕਾਨਫਰੰਸਾਂ ਪੰਜਾਬ ਭਵਨ ਸਰੀ ਕਨੇਡਾ ਅਤੇ ਸੁੱਖੀ ਬਾਠ ਦੇ ਸਹਿਯੋਗ ਅਤੇ ਆਰਥਿਕ ਮੱਦਦ ਕਾਰਨ ਸੰਭਵ ਹੋ ਸਕੀਆਂ। ਬਾਠ ਸਾਹਿਬ ਨੇ ਉਚੇਚੇ ਤੌਰ 'ਤੇ ਇਨਾ ਕਾਨਫਰੰਸਾਂ ਵਿਚ ਸ਼ਾਮਿਲ ਹੋ ਕੇ ਆਰਥਿਕ ਮੱਦਦ ਦੇ ਨਾਲ ਨਾਲ ਅਪਣੇ ਵਡਮੁੱਲੇ ਵਿਚਾਰਾਂ ਨਾਲ ਯੂਰਪੀ ਪੰਜਾਬੀ ਲੇਖਕ ਅਤੇ ਕਾਰੋਬਾਰੀ ਭਾਈਚਾਰੇ ਨੂੰ ਸਾਂਝੇ ਮੰਚ 'ਤੇ ਇਕੱਤਰ ਹੋ ਕੇ ਸਾਂਝੇ ਯਤਨਾਂ ਲਈ ਕਾਰਜਸ਼ੀਲ ਹੋਣ ਦੀ ਪ੍ਰੇਰਨਾ ਦਿੱਤੀ।

ਅਜਿਹੇ ਵਿਸ਼ਵ ਪੱਧਰੀ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਲਈ ਹੀ ਸੁੱਖੀ ਬਾਠ ਜੀ ਦੇ ਯਤਨਾਂ ਸਦਕਾ ਪੰਜਾਬ ਭਵਨ ਸਰੀ ਕਨੇਡਾ ਵਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ 8 ਅਤੇ 9 ਅਕਤੂਬਰ 2023 ਨੂੰ ਪੰਜਾਬ ਭਵਨ ਸਰੀ ਕਨੇਡਾ ਵਿਖੇ ਅਪਣੀ ਪੰਜਵੀਂ ਵਰੇਗੰਢ ਮਨਾਉਂਦਿਆਂ ਵਿਸ਼ਵ ਭਰ ਦੇ ਪੰਜਾਬੀ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ ਤੇ ਸੰਜੀਦਾ ਲੋਕਾਂ ਨੂੰ ਸਾਂਝੇ ਮੰਚ ਤੇ ਸਾਂਝੇ ਤੌਰ ਤੇ ਵਿਚਾਰ ਸਾਂਝੇ ਕਰਨ ਦਾ ਸੱਦਾ ਦਿੱਤਾ ਹੈ। ਜਿਸ ਵਿੱਚ ਪੰਜਾਬੀ ਸਾਹਿਤ, ਚੇਤਨਤਾ ਅਤੇ ਪਰਵਾਸ ਨਾਲ ਸਬੰਧਿਤ ਵਿਸ਼ਿਆਂ ਨੂੰ ਵਿਚਾਰਿਆ ਜਾਵੇਗਾ। ਵਿਸ਼ਵ ਭਰ ਦੇ ਪੰਜਾਬੀ ਭਾਈਚਾਰੇ ਨੂੰ ਅਜਿਹੇ ਵਿਸ਼ਵ ਪੱਧਰੀ ਸਾਰਥਿਕ ਉਪਰਾਲਿਆਂ ਤੋਂ ਬਹੁਤ ਉਮੀਦਾਂ ਤੇ ਸੰਭਾਵਨਾਵਾਂ ਹਨ।

ਯੂਰਪੀ ਪੰਜਾਬੀ ਲੇਖਕ ਭਾਈਚਾਰੇ ਅਤੇ ਸਾਹਿਤ ਸੁਰ ਸੰਗਮ ਸਭਾ ਇਟਲੀ ਵਲੋਂ ਪਰਵਾਸੀ ਸਾਹਿਤ ਅਧਿਐਨ ਕੇਂਦਰ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵੱਲੋਂ ਇਸ ਕਾਨਫ਼ਰੰਸ ਸਮੇਂ ਪੰਜਾਬ ਭਵਨ ਸਰੀ ਕਨੇਡਾ ਲਈ ਕੱਢੇ ਜਾ ਰਹੇ ਵਿਸ਼ੇਸ਼ ਅੰਕ ਦਾ ਧੰਨਵਾਦ ਕਰਦਿਆਂ, ਪੰਜਾਬ ਭਵਨ ਸਰੀ ਕਨੇਡਾ ਦੀ ਸਮੂਹ ਟੀਮ ਤੇ ਸੁੱਖੀ ਬਾਠ ਜੀ ਤੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਬਹੁਤ ਉਮੀਦਾਂ ਤੇ ਸੰਭਾਵਨਾਵਾਂ ਦੀ ਆਸ ਰੱਖਦਿਆਂ ਯੂਰਪੀ ਪੰਜਾਬੀ ਲੇਖਕ ਭਾਈਚਾਰੇ ਵਲੋਂ ਭਵਿੱਖੀ ਸਹਿਯੋਗ ਦਾ ਵਿਸ਼ਵਾਸ਼ ਦਿਵਾਉਂਦਿਆਂ ਬਹੁਤ ਬਹੁਤ ਮੁਬਾਰਕਾਂ ਤੇ ਸ਼ੁਭਕਾਮਨਾਵਾਂ।



**ਬਲਵਿੰਦਰ ਸਿੰਘ ਚਾਹਲ (ਯੂ.ਕੇ) ਨੂੰ ਸਨਮਾਨਿਤ ਕਰਦੇ ਹੋਏ ਡਾ. ਸ. ਪ. ਸਿੰਘ, ਪ੍ਰਿੰ. ਡਾ. ਅਰਵਿੰਦਰ ਸਿੰਘ, ਪ੍ਰੋ. ਮਨਜੀਤ ਸਿੰਘ ਛਾਬੜਾ, ਡਾ. ਭੁਪਿੰਦਰ ਸਿੰਘ, ਡਾ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ ਅਤੇ ਡਾ. ਤੇਜਿੰਦਰ ਕੌਰ**

**ਦਲਜਿੰਦਰ ਰਹਿਲ**
**ਪ੍ਰਤੀਨਿਧ ਯੂਰਪੀ ਪੰਜਾਬੀ ਲੇਖਕ**
**ਮੁੱਖ ਸਲਾਹਕਾਰ, ਸਾਹਿਤ ਸੁਰ ਸੰਗਮ ਸਭਾ ਇਟਲੀ**

# ਜਲੰਧਰ ਪੰਜਾਬ ਭਵਨ: ਇਕ ਭਾਵਨਾ ਇਕ ਸੰਕਲਪ

**ਡਾ. ਲਖਵਿੰਦਰ ਸਿੰਘ ਜੌਹਲ**



ਸਰਬ ਸਾਂਝੀਵਾਲਤਾ ਵਾਲੀ ਸਰਬਵਿਆਪੀ ਪਰੰਪਰਾ ਨੂੰ ਪ੍ਰਣਾਈ ਹੋਈ ਪੰਜਾਬੀਅਤ, ਦੇਸ਼ਕਾਲ ਦੀਆਂ ਹੱਦਾਂ ਦੀ ਮੁਥਾਜ ਨਹੀਂ ਹੈ। ਦੇਸ਼ਾਂ ਦੇਸ਼ਾਂਤਰਾਂ ਤੱਕ ਫੈਲੀ ਹੋਈ, ਇਹ ਪਰਮ-ਉਪਕਾਰੀ ਭਾਵਨਾ ਵੇਦਾਂ-ਪੌਰਾਣਾਂ-ਉਪਨਿਸ਼ਦਾਂ ਤੋਂ ਤੁਰਦੀ ਹੋਈ ਗੁਰੂਕਾਲ ਵਿਚ ਉਹ ਉਚਾਈਆਂ ਗ੍ਰਹਿਣ ਕਰ ਗਈ, ਜਿਸਨੇ ਪੰਜਾਬੀ ਮਾਨਸ ਨੂੰ ਇਕ ਅਦਭੁਤ ਇਨਸਾਨ ਬਣਾ ਦਿੱਤਾ। ਜਿਨ੍ਹਾਂ ਵਿਅਕਤੀਆਂ ਨੇ ਗੁਰਬਾਣੀ ਦੇ ਸਰਬੱਤ ਦੇ ਭਲੇ ਵਾਲੇ ਸੰਕਲਪ ਨੂੰ ਆਪਣੀ ਜੀਵਨ ਜਾਚ ਬਣਾ ਕੇ, ਜ਼ਿੰਦਗੀ ਵਿਚ ਕੁਝ ਕਰਨ ਦੀ ਭਾਵਨਾ ਨਾਲ ਅੱਗੇ ਵਧਣਾ ਸ਼ੁਰੂ ਕੀਤਾ ਉਨ੍ਹਾਂ ਦੀਆਂ ਸੱਤੇ ਖੈਰਾਂ। ਦੁਆਬੇ ਦਾ ਜੰਮਪਲ ਸੁੱਖੀ ਬਾਠ ਅਜਿਹੇ ਹੀ ਵਿਅਕਤੀਆਂ ਵਿਚੋਂ ਇਕ ਹੈ। ਸਮੁੱਚੀ ਪੰਜਾਬੀ ਦਿਖ ਅਤੇ ਵਾਤਾਵਰਣ ਵਾਲੇ, ਕੈਨੇਡਾ ਦੇ ਸਰੀ ਸ਼ਹਿਰ ਵਿਚ, ਵੱਡੀਆਂ ਵਪਾਰਕ ਮੱਲਾਂ ਮਾਰਨ ਦੇ ਨਾਲ



**ਪੰਜਾਬ ਭਵਨ ਜਲੰਧਰ ਦਾ ਉਦਘਾਟਨੀ ਸਮਾਰੋਹ**

ਨਾਲ, ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਸਭਿਆਚਾਰ ਦੀ ਪ੍ਰਫੁੱਲਤਾ ਨੂੰ, ਆਪਣਾ ਮਿਸ਼ਨ ਬਣਾ ਲੈਣਾ ਸੁੱਖੀ ਬਾਠ ਦਾ ਅਕੀਦਾ ਹੈ। ਆਪਣੇ ਇਸ ਆਸ਼ੇ ਦੀ ਪੂਰਤੀ ਲਈ ਅੱਠ ਕੁ ਸਾਲ ਪਹਿਲਾਂ ਉਸ ਵਲੋਂ ਸਰੀ ਵਿਚ ਸਥਾਪਿਤ ਕੀਤਾ ਗਿਆ 'ਪੰਜਾਬ ਭਵਨ' ਆਪਣੇ ਆਪ ਵਿਚ ਇਕ ਅਦੁੱਤੀ ਮਿਸਾਲ ਹੈ। ਸੁੱਖੀ ਬਾਠ ਵਲੋਂ ਇਸੇ ਹੀ ਤਰਜ਼ ਉੱਤੇ, ਦੁਆਬੇ ਦੇ ਦਿਲ ਜਲੰਧਰ ਵਿਖੇ ਵੀ, ਪੰਜਾਬ ਭਵਨ ਦਾ ਉਪ ਦਫ਼ਤਰ ਬਣਾ ਕੇ, ਇਕ

ਨਵੀਂ ਸ਼ੁਰੂਆਤ ਕੀਤੀ ਗਈ। ਲੱਧੇਵਾਲ (ਜਲੰਧਰ) ਵਿਖੇ ਇਕ ਨਵੇਂ ਅੰਦਾਜ਼ ਵਿਚ ਉਸਾਰੀ ਗਈ ਗਰੀਨ ਕਾਉਂਟੀ ਵਿਖੇ ਸਥਿਤ ਇਹ ਉਪ-ਭਵਨ ਇਨ੍ਹਾਂ ਦਿਨਾਂ ਵਿਚ ਪੰਜਾਬ ਭਰ ਦੇ ਲੇਖਕਾਂ, ਵਿਦਵਾਨਾਂ ਅਤੇ ਬੁਧੀਜੀਵੀਆਂ ਦੀ ਜ਼ਿਆਰਤ ਦਾ ਕੇਂਦਰ ਹੈ। ਲੇਖਕਾਂ ਦੀਆਂ ਕਿਤਾਬਾਂ ਦੇ ਲੋਕ ਅਰਪਣ, ਨਵੀਆਂ ਛਪੀਆਂ ਕਿਤਾਬਾਂ ਉੱਤੇ ਵਿਚਾਰ ਗੋਸ਼ਟੀਆਂ ਅਤੇ ਸਾਹਿਤਕ ਮੀਟਿੰਗਾਂ ਦਾ ਕੇਂਦਰ ਬਣਿਆ ਇਹ ਭਵਨ ਜਲੰਧਰ ਦੀ ਸਾਹਿਤਕ ਪਰੰਪਰਾ ਨੂੰ ਨਵੀਂ ਦਿਸ਼ਾ ਪ੍ਰਦਾਨ ਕਰ ਰਿਹਾ ਹੈ। 2 ਦਸੰਬਰ, 2021 ਤੋਂ ਸ਼ੁਰੂ ਹੋਏ, ਇਸ ਦਫ਼ਤਰ ਦੀ ਦੇਖ ਰੇਖ ਨਵੀਂ ਲੇਖਿਕਾ ਪ੍ਰੀਤ ਹੀਰ ਨੇ ਸੰਭਾਲੀ ਹੋਈ ਹੈ। ਸਮੁੱਚੇ ਪੰਜਾਬੀ ਭਾਈਚਾਰੇ ਵਲੋਂ ਇਸ ਕਾਰਜ ਨੂੰ ਮਿਲ ਰਹੇ ਹੌਂਸਲੇ, ਪਿਆਰ ਅਤੇ ਸਤਿਕਾਰ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪ੍ਰਫੁੱਲਤਾ ਲਈ ਢੁੱਕਵਾਂ ਵਾਤਾਵਰਣ ਤਿਆਰ ਕਰਨ ਵਿਚ ਵੱਡਾ ਹੁਲਾਰਾ ਮਿਲਦਾ ਹੈ। ਇਸ ਦਫ਼ਤਰ ਦੇ ਮੁੱਖ ਹਿੱਸੇ ਵਿਚ ਬਣਾਈ ਗਈ ਲੇਖਕ ਗੈਲਰੀ ਪੰਜਾਬੀ ਸਾਹਿਤ ਇਤਿਹਾਸ ਦੇ ਵੱਡਮੁੱਲੇ ਚਿਹਰਿਆਂ ਨੂੰ ਪ੍ਰਦਰਸ਼ਿਤ ਕਰਦੀ ਹੋਈ ਅਦਭੁਤ ਪ੍ਰੇਰਨਾ ਦਾ ਸੋਮਾ ਬਣਦੀ ਹੈ। ਸਰੀ ਵਾਲੇ ਭਵਨ ਦੀ ਤਰਜ਼ ਉੱਤੇ ਹੀ ਨਿੱਤ ਨਵੀਆਂ ਸਾਹਿਤ ਸਰਗਰਮੀਆਂ ਦਾ ਕੇਂਦਰ ਬਣਿਆ ਇਹ ਭਵਨ ਸਾਹਿਤ ਸੇਵਾ ਦੀ ਭਾਵਨਾ ਅਤੇ ਪੰਜਾਬੀਆਂ ਦੀ ਸੇਵਾ ਦੇ ਸੰਕਲਪ ਨੂੰ ਇਕ ਨਵਾਂ ਵਿਸਥਾਰ ਦੇ ਰਿਹਾ ਹੈ। ਜਲੰਧਰ ਆਓ ਤਾਂ ਪੰਜਾਬ ਭਵਨ ਆਉਣਾ ਨਾ ਭੁੱਲਣਾ। ਤਾਜ਼ਗੀ ਅਤੇ ਪ੍ਰੇਰਨਾ ਤੁਹਾਡੀ ਉਡੀਕ ਕਰ ਰਹੀ ਹੈ।

**ਡਾ. ਲਖਵਿੰਦਰ ਸਿੰਘ ਜੌਹਲ**
**ਜਲੰਧਰ**



# ਪੰਜਾਬ ਭਵਨ ਤੇ ਸੁੱਖੀ ਬਾਠ

## ਐਸ਼ਕੁਮ ਐਸ਼ਵਿਕ (ਐਸ਼)



ਸੁੱਖੀ ਬਾਠ- ਜ਼ਿੰਦਗੀਆਂ ਰੁਸ਼ਨਾਉਣ ਵਾਲਾ, ਇਹ ਸ਼ਖ਼ਸ ਕਿਸੇ ਦੀਪਕ ਤੋਂ ਘੱਟ ਨਹੀਂ ਹੈ ਅਤੇ ਉਸ ਦਾ ਪ੍ਰਕਾਸ਼ ਲਿਸ਼ਕਾਰੇ ਮਾਰਦਾ ਨਜ਼ਰੀਂ ਆਉਂਦਾ ਹੈ। ਸੁੱਖੀ ਬਾਠ ਉਹ ਮਹਾਨ ਸ਼ਖ਼ਸੀਅਤ ਹੈ ਜਿਸ ਨੇ ਦੇਸ਼-ਪ੍ਰਦੇਸ਼ ਦੇ ਵਿਚ ਆਪਣੀ ਇਕ ਵਿਲੱਖਣ ਪਛਾਣ ਬਣਾਈ ਹੈ। ਪੰਜਾਬ ਦਾ ਇਹ ਸ਼ੇਰ ਪੁੱਤਰ ਆਪਣੀ ਕਹਿਣੀ ਅਤੇ ਕਰਨੀ ਦਾ ਪੂਰਕ ਹੈ। ਉਹ ਇਨਸਾਨੀਅਤ ਅਤੇ ਸਦਭਾਵਨਾ ਭਰੇ ਨਿਰਸੁਆਰਥ ਪਿਆਰ-ਮੁਹੱਬਤ ਦੀ ਇਕ ਜਿਊਂਦੀ-ਜਾਗਦੀ ਤਸਵੀਰ ਹੈ। ਸੁੱਖੀ ਬਾਠ ਅੱਜ ਉਹ ਕਰ ਗੁਜ਼ਰਿਆ ਹੈ ਜਿਸ ਨੂੰ ਦੁਨੀਆ ਦੇ ਬਹੁਤ ਸਾਰੇ ਬੁੱਧੀਜੀਵੀ ਅਤੇ ਸਮਾਜ ਦੇ ਸ਼ੁਭ-ਚਿੰਤਕ ਬੱਸ ਲੋਚਦੇ ਹੀ ਰਹੇ। ਸੁੱਖੀ ਬਾਠ ਨੂੰ ਅੱਜ ਦੁਨੀਆਂ ਭਰ ਵਿਚ ਇਕ ਉੱਘੇ ਕਾਰੋਬਾਰੀ ਅਤੇ ਸਮਾਜ ਸੇਵਕ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਪਰ ਸੁੱਖੀ ਬਾਠ ਇਸ ਸਿਖਰੀ ਮੁਕਾਮ ਤਕ ਕਿਵੇਂ ਪਹੁੰਚਿਆ ?

ਸੁੱਖੀ ਬਾਠ ਦਾ ਜਨਮ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਹਰਦੋਫਰਾਲਾ ਪਿੰਡ, ਪਿਤਾ ਸਰਦਾਰ ਅਰਜਨ ਸਿੰਘ ਅਤੇ ਮਾਤਾ ਸਰਦਾਰਨੀ ਗੁਰਮੀਤ ਕੌਰ ਦੀ ਕੁੱਖੋਂ 1957 ਵਿਚ ਹੋਇਆ, ਪਰ ਉਸ ਦੇ ਮੁਤਾਬਕ ਉਸ ਦੇ ਦੋ ਪਿੰਡ ਹਨ, ਇਕ ਹਰਦੋਫਰਾਲਾ ਅਤੇ ਦੂਜਾ ਪਤਾਰਾ। ਭਾਵੇਂ ਉਸ ਦਾ ਜਨਮ ਹਰਦੋਫਰਾਲਾ ਵਿਚ ਹੋਇਆ ਸੀ, ਪਰ ਉਸ ਦੀ ਪਰਵਰਿਸ਼ ਜ਼ਿਆਦਾ ਕਰਕੇ ਜਲੰਧਰ ਜ਼ਿਲ੍ਹੇ ਦੇ ਹੀ ਪਤਾਰਾ ਪਿੰਡ, ਮਾਂ ਸਰਦਾਰਨੀ ਸੁਰਜੀਤ ਕੌਰ (ਧਰਮ ਦੀ ਮਾਸੀ ) ਕੋਲ ਹੋਈ। ਉਹ ਅੱਠਾਂ ਭੈਣਾਂ ਦਾ ਇਕ ਭਰਾ ਹੈ। ਉਸ ਨੇ ਪ੍ਰਾਇਮਰੀ ਅਤੇ ਹਾਈ ਸਕੂਲ ਦੀ ਪੜ੍ਹਾਈ ਆਪਣੇ ਪਿੰਡ ਤੋਂ ਕਰਨ ਦੇ ਬਾਅਦ ਵਿਚ ਬੀ. ਏ. ਕਰਨ ਲਈ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਵਿਚ ਦਾਖ਼ਲਾ ਲਿਆ। ਸੁੱਖੀ ਬਾਠ ਦਾ ਖੇਡਾਂ ਨਾਲ ਕੁਦਰਤੀ ਤੌਰ 'ਤੇ ਲਗਾਉ ਸੀ, ਜਦੋਂ ਉਹ ਛੇਵੀਂ-ਸੱਤਵੀਂ ਦੇ ਵਿਚ ਪੜ੍ਹਦਾ, ਉਦੋਂ ਉਹ ਖੇਡਾਂ



**2022 ਦੀ ਸਲਾਨਾ ਕਾਨਫ਼ਰੰਸ ਮੌਕੇ ਲੇਖਕ ਐਸ਼ਕੁਮ ਐਸ਼ਵਿਕ (ਐਸ਼), ਸੁਰਜੀਤ ਕਲਸੀ**

ਵਿਚ ਪੈ ਗਿਆ, ਪ੍ਰੈਕਟਿਸ ਤੇ ਬੜਾ ਜ਼ੋਰ ਰੱਖਦਾ ਸੀ, ਘਰ ਵਿਚ 12-14 ਪਸ਼ੂ ਰੱਖੇ ਹੁੰਦੇ ਸੀ। ਪਹਿਲਾਂ ਤੜਕੇ ਉੱਠ ਕੇ ਉਨ੍ਹਾਂ ਨੂੰ ਪੱਠਾ ਪਾਉਣਾ, ਫਿਰ ਧਾਰਾਂ ਕੱਢਣੀਆਂ, ਸੁੱਖੀ ਦੇ ਘਰ ਰਿਵਾਜ ਸੀ ਕਿ ਕਦੇ ਘਰੋਂ ਕੁੜੀਆਂ ਨਹੀਂ ਸੀ ਧਾਰਾਂ ਕੱਢਣ ਭੇਜੀਆਂ ਜਾਂਦੀਆਂ। ਉਹ ਆਪ ਦੁੱਧ ਚੋਂਦਾ ਸੀ, ਫਿਰ ਦੋਧੀਆਂ ਦੇ ਘਰ ਪਹੁੰਚਦਾ ਕਰਦਾ ਸੀ ਤੇ ਉੱਧਰੋਂ ਕਾਲਜ ਤੋਂ 3-4 ਵਜੇ ਜਦੋਂ ਵੀ ਵਿਹਲਾ ਹੁੰਦਾ, ਸਿੱਧਾ ਦੁੱਧ ਵਾਲੇ ਕੋਲ ਪਹੁੰਚ ਜਾਂਦਾ, ਕੈਨੀ ਦੁੱਧ ਵਾਲੀ ਚੁੱਕ ਕੇ, ਕੱਪੜੇ ਬਦਲ ਕੇ ਸਿੱਧਾ ਖੇਤ ਵਿਚ, ਤੇ ਉਸ ਤੋਂ ਬਾਅਦ ਜਿਹੜਾ ਘੰਟਾ ਕੁ ਬਚਦਾ ਸੀ, ਉਹ ਆਪਣੇ ਚਾਚੇ ਕੋਲ ਪਹੁੰਚ ਜਾਂਦਾ ਸੀ ਜੋ ਉਸ ਦੀ ਬਹੁਤ ਵਰਜਿਸ਼ ਕਰਾਉਂਦੇ ਸਨ, ਉਹਨਾਂ ਨੇ ਬੈਠਕਾਂ ਕਰਾਉਣੀਆਂ, ਡੰਡ ਕਰਾਉਣੇ, ਚੱਕੀ ਨਾਲ ਵੇਟ ਲਿਫਟਿੰਗ ਕਰਾਉਣੀ, ਡੰਡੇ ਦੇ ਉੱਤੇ ਹਾਈ ਜੰਪ ਕਰਾਉਣਾ ਵਗੈਰਾ। ਯੂਨੀਵਰਸਿਟੀ ਪੱਧਰ ਦੇ ਖੇਡ ਮੁਕਾਬਲਿਆਂ ਵਿਚ, ਉਸ ਨੇ ਗੋਲਡ ਮੈਡਲ ਵੀ ਲਿਆਂਦਾ। ਸੁੱਖੀ ਬਾਠ ਨੂੰ ਲੱਗਦਾ ਹੈ ਕਿ ਜੇ ਉਸ ਸਮੇਂ ਉਸ ਨੂੰ ਖੇਡਾਂ ਵਿਚ ਜ਼ਿਆਦਾ ਮੌਕਾ ਮਿਲਿਆ ਹੁੰਦਾ ਅਤੇ ਵਧੀਆ ਸਾਧਨ ਹੁੰਦੇ, ਤਾਂ ਹੋ ਸਕਦਾ ਸੀ ਕਿ ਉਹ ਇਕ ਖਿਡਾਰੀ ਹੋ ਨਿਬੜਦਾ ਅਤੇ ਉਸ ਨੂੰ ਕੈਨੇਡਾ ਆਉਣ ਦੀ ਕੋਈ ਲੋੜ ਹੀ ਨਾ ਪੈਂਦੀ। ਸੁੱਖੀ ਬਾਠ ਦੀ ਕਦੇ ਇਹ ਖ਼ਾਹਿਸ਼ ਸੀ ਕਿ ਉਹ ਵੀ ਇਕ ਉੱਘਾ ਲੇਖਕ ਬਣੇ ਅਤੇ ਉਸ ਨੇ ਕਈ ਵਾਰ ਕੋਸ਼ਿਸ਼ ਵੀ ਕੀਤੀ ਕਿ ਉਹ ਕੁਝ-ਨਾ-ਕੁਝ ਲਿਖੇ। ਉਹ ਆਪਣੇ ਆਪ ਨੂੰ ਟੁੱਟਾ-ਭੱਜਾ ਲੇਖਕ ਮੰਨਦਾ ਹੈ। ਪਰ ਉਸ ਨੂੰ ਸਾਹਿਤ ਨਾਲ ਬਹੁਤ ਪਿਆਰ ਹੈ ਅਤੇ ਉਸ ਨੇ ਇਕ ਸਮੇਂ 'ਤੇ ਆ ਕੇ ਇਹ ਅਹਿਸਾਸ ਕੀਤਾ ਕਿ ਸਾਡੇ ਕੋਲ ਉੱਘੇ ਵਿਦਵਾਨ ਹਨ ਅਤੇ ਸਾਡੇ ਕੋਲ ਪੰਜਾਬੀ ਸਾਹਿਤ ਦੀ ਬਹੁਤ ਵੱਡੀ ਸਮੱਗਰੀ ਹੈ, ਇਸ ਲਈ ਉਸ ਨੇ ਫ਼ੈਸਲਾ ਕੀਤਾ ਕਿ ਉਹ ਸਾਹਿਤ ਦੇ ਕੱਦ ਨੂੰ ਹੋਰ ਉੱਚਾ ਚੁੱਕਣ ਲਈ ਸਰੀ ਵਿਚ ਇੱਕ ਫਸਿਲਟੀ ਖੋਲ੍ਹੇਗਾ। ਉਸ ਫਸਿਲਟੀ ਦਾ ਨਾਂ ਹੈ ਪੰਜਾਬ ਭਵਨ। ਸੁੱਖੀ ਬਾਠ ਹੁਰਾਂ ਦੀ ਸ਼ੁਰੂ ਤੋਂ ਇਹ ਧਾਰਣਾ ਸੀ ਕਿ ਇਸ ਪੰਜਾਬ ਭਵਨ ਨੂੰ ਨਿਰਪੱਖ ਰੱਖਿਆ ਜਾਵੇ। ਇਸ ਲਈ ਨਾ ਤਾਂ ਇਸ ਨੂੰ ਕਿਸੇ ਧਰਮ ਨਾਲ ਜੋੜਿਆ, ਨਾ ਕਿਸੇ ਬੋਲੀ ਨਾਲ ਜੋੜਿਆ, ਕਿਸੇ ਵੀ ਰੰਗ ਦਾ ਇਨਸਾਨ ਉੱਥੇ, ਕੋਈ ਵੀ ਸਮਾਜ ਦੇ ਭਲੇ ਲਈ, ਕੋਈ ਵੀ ਸਮਾਗਮ ਕਰ ਸਕਦਾ ਹੈ। ਇਹ ਦਫ਼ਤਰ 'ਕਾਵਿ ਗੁਲਦਸਤਾ' ਅਤੇ 'ਕਲਮਾਂ ਬੋਲਦੀਆਂ' ਨਾਮਕ ਦੋ ਹਫ਼ਤਾਵਾਰੀ ਰਸਾਲਿਆਂ ਨੂੰ ਬਾਖ਼ੂਬੀ ਪ੍ਰਕਾਸ਼ਿਤ ਕਰਦਾ ਹੈ। ਇਹ ਰਸਾਲੇ ਮਾਂ ਬੋਲੀ ਨੂੰ ਪ੍ਰਫੁੱਲਤ ਕਰਨ ਲਈ ਪੰਜਾਬ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਕਵੀਆਂ, ਲੇਖਕਾਂ ਦੀਆਂ ਸਾਹਿਤਕ ਲੋੜਾਂ ਦਾ ਧਿਆਨ ਰੱਖ ਰਹੇ ਹਨ।




**ਐਸ਼ਕੁਮ ਐਸ਼ਵਿਕ (ਐਸ਼) ਨੂੰ ਸਨਮਾਨਿਤ ਕਰਦੇ ਹੋਏ**

**ਐਸ਼ਕੁਮ ਐਸ਼ਵਿਕ (ਐਸ਼)**
**ਕੈਲੇਫੋਰਨੀਆ, ਅਮਰੀਕਾ**

# ਪੰਜਾਬ ਭਵਨ: ਪੁਲ ਦੀ ਨਿਆਈਂ

**ਕੁਲਦੀਪ ਸਿੰਘ ਬੇਦੀ**



ਬੰਦਾ ਲੈਣ ਨੂੰ ਤਾਂ ਕੋਈ ਵੀ ਸੁਪਨਾ ਲੈ ਸਕਦਾ ਹੈ, ਪਰ ਸੁਪਨੇ ਅੰਦਰ ਹਕੀਕਤ ਦੇ ਰੰਗ ਭਰਨ ਵਾਲਾ ਸੁੱਖੀ ਬਾਠ ਵਰਗਾ ਕੋਈ ਕੋਈ ਬੰਦਾ ਹੀ ਹੁੰਦਾ ਹੈ। ਸੁੱਖੀ ਬਾਠ ਨੇ ਇਕ ਸੁਪਨਾ ਲਿਆ, ਕੈਨੇਡਾ ਦੇ ਵੈਨਕੂਵਰ ਦੇ ਸਰੀ ਸ਼ਹਿਰ 'ਚ 'ਪੰਜਾਬੀ ਭਵਨ' ਬਣਾਉਣ ਦਾ ਫਿਰ ਉਸ ਨੂੰ ਹਕੀਕਤ ਦਾ ਰੂਪ ਦਿੱਤਾ ਅਤੇ 'ਪੰਜਾਬ ਭਵਨ' ਸਰੀ ਵਿਚ ਇਕ ਅਜਿਹੀ ਥਾਂ ਹੈ, ਜੋ ਸਾਹਿਤਕਾਰਾਂ ਅਤੇ ਕਲਾਕਾਰਾਂ ਲਈ ਤਾਂ ਮੱਕਾ ਹੈ ਹੀ, ਸਗੋਂ ਉਥੋਂ ਦੀਆਂ ਹੋਰ ਕਈ ਜਥੇਬੰਦੀਆਂ ਲਈ ਵੀ ਇਕ ਸੌਖਿਆਂ ਮੁਹੱਈਆ ਹੋਣ ਵਾਲਾ ਸਥਾਨ ਹੈ। ਸੁੱਖੀ ਬਾਠ ਨੇ ਦੱਸਿਆ, 'ਮੈਂ ਭਾਵੇਂ ਸਾਹਿਤਕਾਰ ਨਹੀਂ ਹਾਂ ਪਰ ਸਾਹਿਤਕਾਰਾਂ ਦਾ ਕਦਰਦਾਨ ਹਾਂ। ਮੈਂ ਜਦੋਂ ਇਨ੍ਹਾਂ ਨੂੰ ਸਰੀ 'ਚ ਆਪਣੇ ਸਮਾਗਮ ਕਰਨ ਲਈ ਏਧਰ ਓਧਰ ਭਟਕਦਿਆਂ ਦੇਖਿਆ ਤਾਂ ਮੇਰੇ ਮਨ 'ਚ ਆਇਆ ਕਿ ਇਨ੍ਹਾਂ ਦਾ ਕੋਈ ਆਪਣਾ ਅੱਡਾ ਹੋਣਾ ਚਾਹੀਦਾ ਹੈ। ਮੈਂ ਪੰਜਾਬ ਭਵਨ ਦਾ ਸੁਪਨਾ ਲਿਆ, ਜੋ ਪੂਰਾ ਹੋ ਗਿਆ, ਅੱਜ ਇਹ ਇਕ ਵਧੀਆ ਸ਼ਾਇਰ ਮਿੱਤਰ ਕਵਿੰਦਰ ਚਾਂਦ ਦੇ ਸਹਿਯੋਗ ਨਾਲ ਸਾਹਿਤਕਾਰਾਂ ਤੇ ਕਲਾਕਾਰਾਂ ਨੂੰ ਸਮਰਪਿਤ ਹੈ। ਸੁੱਖੀ ਬਾਠ ਪੰਜਾਬ ਭਵਨ ਨੂੰ ਪੂਰੀ ਦੁਨੀਆ ਦੇ ਪੰਜਾਬੀਆਂ ਨਾਲ ਜੋੜਨ ਦਾ ਇੱਛੁਕ ਹੈ। ਉਹ ਦੱਸਦਾ ਹੈ  ਕਿ ਪੰਜਾਬ ਭਵਨ ਨੂੰ ਬਿਲਕੁਲ ਆਧੁਨਿਕ ਬਣਾਇਆ ਗਿਆ ਹੈ। ਡਿਜੀਟਲ ਇਕ ਅਜਿਹਾ ਲਾਇਬ੍ਰੇਰੀ ਐਪ ਪੰਜਾਬ ਭਵਨ 'ਚ ਤਿਆਰ ਕੀਤਾ ਗਿਆ ਹੈ, ਜਿਸ ਰਾਹੀਂ ਹਰ ਬੰਦਾ ਆਪਣੇ ਮੋਬਾਈਲ ਰਾਹੀਂ 10 ਲੱਖ ਪੁਸਤਕਾਂ ਪੜ ਸਕਦਾ ਹੈ। ਪੰਜਾਬ ਭਵਨ ਅਤੇ ਪੰਜਾਬੀਆਂ ਨੂੰ ਜੋੜਨ ਲਈ, ਇਕ ਪੁਲ ਦਾ ਕੰਮ ਕਰੇਗਾ। ਸੁੱਖੀ ਬਾਠ ਦਾ ਪਿੰਡ ਜਲੰਧਰ ਦੇ ਨੇੜੇ ਹੈ। ਉਹ ਦੱਸਦਾ ਹੈ, 'ਮੈਂ ਦੋ ਪਿਓਆਂ ਅਤੇ ਦੋ ਮਾਵਾਂ ਦਾ ਪੁੱਤਰ ਹਾਂ। ਮੇਰੀਆਂ ਅੱਠ ਭੈਣਾਂ ਸਨ ਅਤੇ ਅਸੀਂ ਵੀ ਗੁਰਬੱਤ ਦੇ ਦਿਨ ਹੰਢਾਏ। 1978 'ਚ ਮੈਂ ਵੈਨਕੂਵਰ ਪਹੁੰਚ ਗਿਆ। ਨਿੱਕੇ ਨਿੱਕੇ ਮੁਸ਼ੱਕਤ ਵਾਲੇ ਕਾਰ ਵਿਹਾਰ ਕੀਤੇ, ਫਿਰ ਟੈਕਸੀ ਚਲਾਈ। ਉਸ ਪਿਛੋਂ ਆਪਣਾ ਕਾਰੋਬਾਰ ਸਥਾਪਤ ਕੀਤਾ। ਇਸ ਕਾਰੋਬਾਰ ਤੋਂ ਪੰਜ ਬਿਜਨੈੱਸ ਹੋ ਗਏ। ਕਿਸੇ ਚੀਜ਼ ਦੀ ਕਮੀ ਨਾ ਰਹੀ ਪਰ ਮਨ 'ਚ ਇਕ ਧੁਕਧੁਕੀ ਸੀ ਕਿ ਲੋੜਵੰਦ ਇਨਸਾਨਾਂ ਦੀ ਮਦਦ ਕਿਵੇਂ ਕੀਤੇ ਜਾਏ।' ਸੁੱਖੀ ਬਾਠ ਨੇ ਪੰਜਾਬ ਦੀਆਂ ਕੁਝ ਲੋੜਵੰਦ ਬੱਚੀਆਂ ਨੂੰ ਪੜ੍ਹਾਇਆ, ਕੁਝ ਦਾ ਵਿਆਹ ਕੀਤਾ ਪਰ ਫਿਰ ਇਸ ਦਾ ਘੇਰਾ ਹੋਰ ਵਧਾਇਆ ਅਤੇ ਉਹ ਹੁਣ ਤਕ 138 ਲੜਕੀਆਂ ਦੇ ਵਿਆਹ ਕਰ ਚੁੱਕੇ ਹਨ। ਸੁੱਖੀ ਨੇ ਦੱਸਿਆ, 'ਇਹ ਸਹਾਇਤਾ ਸਿਰਫ ਪੰਜਾਬੀਆਂ ਲਈ ਨਹੀਂ ਸਗੋਂ ਫਿਲਪਾਈਨ, ਥਾਈਲੈਂਡ 'ਚ ਵੀ ਗਰੀਬ ਬਸਤੀਆਂ 'ਚ ਗਿਆ ਹਾਂ ਅਤੇ ਜਿੰਨੀ ਹੋ ਸਕੀ ਉਨ੍ਹਾਂ ਦੀ ਵੀ ਸਹਾਇਤਾ ਕੀਤੀ।'

ਸੁੱਖੀ ਬੋਲਦਾ ਹੈ ਤਾਂ ਸਾਰੀ ਮਨੁੱਖਤਾ ਦਾ ਦਰਦ ਉਸ ਦੀਆਂ ਅੱਖਾਂ 'ਚ ਉੱਤਰ ਆਉਂਦਾ ਹੈ ਤੇ ਉਹ ਸਿੱਲੀਆਂ ਹੋ ਜਾਂਦੀਆਂ ਹਨ। ਪੰਜਾਬ ਦੇ ਹਰ ਮਸਲੇ ਤੋਂ ਉਹ ਜਾਣੂ ਹੈ, ਭਾਵੇਂ ਨਸ਼ਾ ਹੋਵੇ ਜਾਂ ਬੇਰੋਜ਼ਗਾਰੀ, ਉਹ ਕਹਿੰਦਾ ਹੈ ਕਿ ਵਿਦੇਸ਼ਾਂ ਨੂੰ ਭੱਜਣ ਦੀ ਦੌੜ 'ਚ ਸ਼ਾਮਲ ਹੋਣ ਨਾਲੋਂ ਪੰਜਾਬ 'ਚ ਹੀ ਅਜਿਹੇ ਮੌਕੇ ਪੈਦਾ ਕਰੋ ਜੋ ਨੌਜਵਾਨਾਂ ਨੂੰ ਰੁਜ਼ਗਾਰ ਦੇ ਸਕਣ।

**ਕੁਲਦੀਪ ਸਿੰਘ ਬੇਦੀ**
**ਜਲੰਧਰ**

# ਬਰੈਂਪਟਨ (ਕੈਨੇਡਾ) ਵਿਖੇ ਵਿਸ਼ਵ ਪੰਜਾਬੀ ਭਵਨ ਦੀ ਸਥਾਪਨਾ

**ਰਮਿੰਦਰ ਰੰਮੀ**



"ਪਿਛਲੇ ਦਿਨੀਂ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ ਦਲਬੀਰ ਸਿੰਘ ਕਥੂਰੀਆ ਜੀ'' ਵੱਲੋਂ ਵਿਲੇਜ਼ ਆਫ ਇੰਡੀਆ 114 ਕੈਨੇਡੀ ਰੋਡ ਬਰੈਂਪਟਨ ਵਿਖੇ ਵਿਸ਼ਵ ਪੰਜਾਬੀ ਭਵਨ ਦਾ ਉਦਘਾਟਨ ਸਮਾਰੋਹ ਕੀਤਾ ਗਿਆ। ਡਾ. ਦਲਬੀਰ ਸਿੰਘ ਕਥੂਰੀਆ ਜੀ ਦੇ ਪਿਤਾ ਜੀ ਸ. ਸੁਬੇਗ ਸਿੰਘ ਕਥੂਰੀਆ ਜੀ ਨੇ ਰਿਬਨ ਕੱਟ ਕਰ ਕੇ ਵਿਸ਼ਵ ਪੰਜਾਬੀ ਭਵਨ ਦਾ ਉਦਘਾਟਨ ਕੀਤਾ। ਇਸ ਮੌਕੇ ਤੇ ਓਨਟਾਰਿਓ ਦੀਆਂ ਬਹੁਤ ਸਾਰੀਆਂ ਸਭਾਵਾਂ ਦੇ ਮੁਖੀ ਤੇ ਮੈਂਬਰਜ਼ ਹਾਜ਼ਰ ਸਨ। ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫ਼ਾਊਂਡਰ ਤੇ ਪ੍ਰਬੰਧਕ ਰਮਿੰਦਰ ਰੰਮੀ ਨੇ ਪਹਿਲਾਂ ਸ. ਸੁਬੇਗ ਸਿੰਘ ਕਥੂਰੀਆ ਜੀ ਨੂੰ ਰਿਬਨ ਕੱਟਣ ਦੀ ਰਸਮ ਅਦਾ ਕਰਨ ਲਈ ਕਿਹਾ ਤੇ ਫਿਰ ਉਹਨਾਂ ਨੂੰ ਇਸ ਸ਼ੁੱਭ ਅਵਸਰ ਤੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਸੁੰਦਰਪਾਲ ਰਾਜਾਸਾਂਸੀ ਦੀ ਟੀਮ ਵੱਲੋਂ ਗਿੱਧਾ ਪੇਸ਼ ਕੀਤਾ ਗਿਆ। ਸ. ਗੁਰਮਿੰਦਰਪਾਲ ਸਿੰਘ ਆਹਲੂਵਾਲੀਆ ਜੀ ਨੇ ਸਟੇਜ ਦੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਇਆ। ਪੰਜ ਲੇਖਕਾਂ ਦੀਆਂ ਕਿਤਾਬਾਂ ਨੂੰ ਰੀਲੀਜ਼ ਕੀਤਾ ਗਿਆ। ਜਿਹਨਾਂ ਵਿੱਚ ਡਾ. ਦਲਬੀਰ ਸਿੰਘ ਕਥੂਰੀਆ ਜੀ ਦੀਆਂ ਦੋ ਕਿਤਾਬਾਂ "ਪੰਜਾਬੀ ਸਾਹਿਤ ਅਤੇ ਸਭਿਆਚਾਰ "ਸੰਪਾਦਕ ਸੁਖਿੰਦਰ ਅਤੇ ਡਾ. ਦਲਬੀਰ ਸਿੰਘ ਕਥੂਰੀਆ ਤੇ ਦੂਸਰੀ ਕਿਤਾਬ "ਪੰਜਾਬੀ ਭਾਸ਼ਾ ਅਤੇ ਵਿਰਸਾ'' ਸੰਪਾਦਕ ਡਾ. ਦਲਬੀਰ ਸਿੰਘ ਕਥੂਰੀਆ ਅਤੇ ਬਲਬੀਰ ਕੌਰ ਰਾਏਕੋਟੀ, ਪ੍ਰੋ. ਗੁਰਭਜਨ ਗਿੱਲ ਜੀ ਸਰਪ੍ਰਸਤ ਵਿਸ਼ਵ ਪੰਜਾਬੀ ਸਭਾ ਦੀ "ਅੱਖਰ ਅੱਖਰ'' ਕਿਤਾਬ ਨੂੰ ਵੀ ਰੀਲੀਜ਼ ਕੀਤਾ ਗਿਆ ਜੋਕਿ ਉਹਨਾਂ ਦੀਆਂ ਗੀਤ, ਗ਼ਜ਼ਲ ਤੇ ਨਜ਼ਮਾਂ ਦੀਆਂ 11 ਕਿਤਾਬਾਂ ਦੀ ਇੱਕ ਸਾਂਝੀ ਅਣਮੋਲ ਕਿਤਾਬ ਹੈ, ਰਮਿੰਦਰ ਰੰਮੀ ਦੀਆਂ ਦੋ ਕਿਤਾਬਾਂ ਨਜ਼ਮਾਂ ਦੀਆਂ 'ਕਿਸਨੂੰ ਆਖਾਂ ਤੇ ਤੇਰੀ ਚਾਹਤ', ਸ ਰਵਿੰਦਰ ਸਿੰਘ ਕੰਗ ਚੇਅਰਮੈਨ ਓਨਟਾਰੀਓ ਫ਼ਰੈਂਡਜ਼ ਕਲੱਬ ਦੀ ਮਿੰਨੀ ਕਹਾਣੀਆਂ ਦੀ ਸੰਪਾਦਿਤ ਕਿਤਾਬ 'ਫਲਕ' ਤੇ ਵਰਿਆਮ ਮਸਤ ਜੀ ਦਾ ਨਾਵਲ ਸਨ। ਬਾਦ ਵਿੱਚ ਵਿਦਵਾਨਾਂ ਵੱਲੋਂ ਵਿਚਾਰ ਚਰਚਾ ਵੀ ਹੋਈ, ਸ. ਪਿਆਰਾ ਸਿੰਘ ਕੁੱਦੋਵਾਲ ਜੀ ਨੇ ਸ. ਦਲਬੀਰ ਸਿੰਘ ਕਥੂਰੀਆ ਜੀ ਤੇ ਰਮਿੰਦਰ ਰੰਮੀ ਦੀਆਂ ਕਿਤਾਬਾਂ ਤੇ ਖੁੱਲ ਕੇ ਆਪਣੇ ਵਿਚਾਰ ਪੇਸ਼ ਕੀਤੇ। ਸਭ ਸੰਸਥਾਵਾਂ ਦੇ ਮੁਖੀਆਂ ਵੱਲੋਂ ਵਿਚਾਰ ਵੀ ਹੋਈ ਤੇ ਸਭ ਦੀ ਇੱਕ ਹੀ ਰਾਇ ਸੀ ਕਿ ਡਾ. ਕਥੂਰੀਆ ਜੀ ਨੇ ਵਿਸ਼ਵ ਪੰਜਾਬੀ ਭਵਨ ਦਾ ਨਿਰਮਾਣ ਕਰਕੇ ਬਹੁਤ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਇੱਥੇ ਹੁਣ ਪੰਜਾਬੀ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਸੰਬੰਧੀ, ਪੰਜਾਬੀ ਵਿਰਸਾ ਤੇ ਸੱਭਿਆਚਾਰਿਕ ਪ੍ਰੋਗਰਾਮ ਕੋਈ ਵੀ ਸਾਹਿਤਕ ਪ੍ਰੇਮੀ ਆ ਕੇ ਕਰਾ ਸਕਦਾ ਹੈ। ਡਾ. ਕਥੂਰੀਆ ਦੇ ਵਿਚਾਰ ਮੁਤਾਬਿਕ ਇਹ ਪ੍ਰੇਰਣਾ ਉਹਨਾਂ ਨੂੰ ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਪ੍ਰੋ. ਗੁਰਭਜਨ ਗਿੱਲ ਵੱਲੋਂ ਮਿਲੀ ਸੀ। ਸਭਨਾਂ ਸਭਾਵਾਂ ਵੱਲੋਂ ਲਿਆ ਸੁਪਨਾ ਸਾਕਾਰ ਹੋਣ ਤੇ ਸਭ ਨੇ ਡਾ. ਦਲਬੀਰ ਸਿੰਘ ਕਥੂਰੀਆ ਜੀ ਨੂੰ ਵਧਾਈ ਦਿੱਤੀ। ਇਸ ਸ਼ੁੱਭ ਅਵਸਰ ਤੇ ਡਾ ਦਲਬੀਰ ਸਿੰਘ ਕਥੂਰੀਆ ਜੀ ਦੇ ਸੱਭ ਪਰਿਵਾਰਿਕ ਮੈਂਬਰ ਤੇ ਉਹਨਾਂ ਦੀ ਪਤਨੀ ਸ੍ਰੀਮਤੀ ਤਜਿੰਦਰ ਕੌਰ ਕਥੂਰੀਆ

ਜੀ ਵੀ ਹਾਜ਼ਰ ਸੀ । ਫਿਰ ਕਵੀ ਦਰਬਾਰ ਵੀ ਹੋਇਆ ਜਿਸ ਵਿੱਚ ਆਏ ਹੋਏ ਕਵੀ ਸਾਹਿਬਾਨਾਂ ਵੱਲੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਸ. ਸੁਬੇਗ ਸਿੰਘ ਕਥੂਰੀਆ ਜੀ ਨੇ ਸੁਲਤਾਨ ਬਾਹੂ ਦਾ ਕਲਾਮ ਤਰੰਨਮ ਵਿੱਚ ਗਾ ਕੇ ਸਭ ਦਾ ਮਨ ਮੋਹ ਲਿਆ। ਡਾ. ਅਫ਼ਜ਼ਲ ਰਾਜ ਪ੍ਰਧਾਨ ਵਿਸ਼ਵ ਪੰਜਾਬੀ ਸਭਾ ਪਾਕਿਸਤਾਨ, ਇੰਦਰਜੀਤ ਸਿੰਘ ਬੱਲ, ਡਾ. ਪਰਗਟ ਸਿੰਘ ਬੱਗਾ, ਇਕਬਾਲ ਮਾਹਲ, ਸ ਦਲਜੀਤ ਸਿੰਘ ਗੈਦੂ, ਹਰਦਿਆਲ ਸਿੰਘ ਝੀਤਾ, ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ ਕੌਰ, ਰਮਿੰਦਰ ਰੰਮੀ, ਮਲੂਕ ਸਿੰਘ ਕਾਹਲੋਂ, ਕਰਨ ਅਜੈਬ ਸਿੰਘ ਸੰਘਾ, ਸੁਖਦੇਵ ਸਿੰਘ ਝੰਡ, ਮਕਸੂਦ ਚੌਧਰੀ, ਵਰਿਆਮ ਮਸਤ, ਸੁਜਾਨ ਸਿੰਘ ਸੁਜਾਨ, ਜਗੀਰ ਸਿੰਘ ਕਾਹਲੋਂ, ਰਵਿੰਦਰ ਸਿੰਘ ਕੰਗ, ਡਾ ਜਗਮੋਹਨ ਸੰਘਾ, ਕੁਲਦੀਪ, ਮੇਜਰ ਨਾਗਰਾ, ਪਰਮਜੀਤ ਸਿੰਘ ਬਿਰਦੀ, ਰਜਿੰਦਰ ਸੈਣੀ ਪਰਵਾਸੀ ਮੀਡੀਆ, ਡਾ. ਬਲਵਿੰਦਰ ਸਿੰਘ ਸਰਗਮ ਰੇਡੀਓ, ਹਰਜੀਤ ਸਿੰਘ ਗਿੱਲ, ਰੋਸ਼ਨ ਪਾਠਕ, ਸੋਹਣ ਸਿੰਘ ਪਰਮਾਰ, ਗਿਆਨ ਸਿੰਘ ਕੰਗ ਚੇਅਰਮੈਨ, ਡਾ ਦਵਿੰਦਰ ਸਿੰਘ ਮਾਨ, ਹਰਭਜਨ ਕੌਰ ਗਿੱਲ, ਇਕਬਾਲ ਬਰਾੜ, ਬਲਰਾਜ ਚੀਮਾ ਧਿਆਨ ਸਿੰਘ ਮਿਗਲਾਨੀ, ਸਰਬਜੀਤ ਮਿਗਲਾਨੀ, ਇੰਦਰਪਾਲ ਸਿੰਘ ਅਰੋੜਾ, ਜਗਜੀਤ ਸਿੰਘ ਅਰੋੜਾ, ਗੁਰਮੀਤ ਸਿੰਘ ਕਥੂਰੀਆ ਤੇ ਹੋਰ ਬਹੁਤ ਅਦਬੀ ਸ਼ਖ਼ਸੀਅਤਾਂ ਨੇ ਇਸ ਉਦਘਾਟਨ ਸਮਾਰੋਹ ਵਿੱਚ ਸ਼ਿਰਕਤ ਕੀਤੀ। ਰਵਿੰਦਰ ਸਿੰਘ ਕੰਗ ਵੱਲੋਂ ਡਾ. ਦਲਬੀਰ ਸਿੰਘ ਜੀ ਦੇ ਮਾਤਾ ਜੀ ਤੇ ਪਿਤਾ ਜੀ ਸ. ਸੁਬੇਗ ਸਿੰਘ ਜੀ ਕਥੂਰੀਆ ਨੂੰ ਸਿਰੋਪੇ ਤੇ ਮਾਲਾ ਪਹਿਨਾ ਕੇ ਸਨਮਾਨਿਤ ਕੀਤਾ ਗਿਆ। ਹਰਪ੍ਰੀਤ ਸਿੰਘ ਬਾਂਗਾ ਤੇ ਪਰਮਪ੍ਰੀਤ ਕੌਰ ਬਾਂਗਾ ਵੱਲੋਂ ਫੁੱਲਾਂ ਦਾ ਗੁਲਦਸਤਾ ਅਤੇ ਪੰਜਾਬੀ ਅਦਬੀ ਸੰਗਤ ਦੀ ਪ੍ਰਧਾਨ ਉਜ਼ਮਾ ਮਹਿਮੂਦ ਅਤੇ ਮੀਤ ਪ੍ਰਧਾਨ ਬਸ਼ਰਤ ਰਹਿਮਾਨ ਵੱਲੋਂ ਸਰਟੀਫਿਕੇਟ ਦੇ ਕੇ ਡਾ. ਦਲਬੀਰ ਸਿੰਘ ਕਥੂਰੀਆ ਜੀ ਨੂੰ ਸਨਮਾਨਿਤ ਕੀਤਾ ਗਿਆ। ਰਵਿੰਦਰ ਸਿੰਘ ਕੰਗ ਨੇ ਰਮਿੰਦਰ ਰੰਮੀ ਨੂੰ ਵੀ ਟਰਾਫੀ, ਸਿਰੋਪਾ ਤੇ ਮਾਲਾ ਪਹਿਨਾ ਕੇ ਸਨਮਾਨਿਤ ਕੀਤਾ। ਬਾਦ ਵਿੱਚ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਜੀ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

**ਰਮਿੰਦਰ ਰੰਮੀ**
**ਕੈਨੇਡਾ**




**ਵਿਸ਼ਵ ਪੰਜਾਬੀ ਭਵਨ ਬਰੈਂਪਟਨ ਕੈਨੇਡਾ ਦੇ ਉਦਘਾਟਨ ਸਮੇਂ ਪੰਜ ਲੇਖਕਾਂ ਦੀਆਂ ਪੁਸਤਕਾਂ ਲੋਕ ਅਰਪਿਤ ਕਰਦੇ ਹੋਏ**

ੴ ਵਾਹਿਗੁਰੂ ਜੀ ਕੀ ਫਤਹਿ॥

PUNJAB BHAWAN

# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

ਅਤੇ

# ਪੰਜਾਬ ਭਵਨ, ਸਰੀ (ਕੈਨੇਡਾ)

ਵਿਚਕਾਰ

## ਪਰਸਪਰ ਸਾਂਝ ਦਸਤਾਵੇਜ਼

### ਮਿਤੀ 07 ਸਤੰਬਰ, 2017 (ਦਿਨ ਵੀਰਵਾਰ)

ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੀ ਸਰਪ੍ਰਸਤੀ ਅਧੀਨ
ਪਰਵਾਸੀ ਸਾਹਿਤ ਅਧਿਅਨ ਕੇਂਦਰ, ਪੰਜਾਬੀ ਵਿਭਾਗ, ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ (ਲੁਧਿਆਣਾ)
ਅਤੇ ਪੰਜਾਬ ਭਵਨ, ਸਰੀ (ਕੈਨੇਡਾ) ਵਿਚਕਾਰ
ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਵਿਸ਼ੇਸ਼ ਤੌਰ 'ਤੇ ਪਰਵਾਸੀ ਪੰਜਾਬੀ ਸਾਹਿਤ ਨੂੰ
ਪ੍ਰਫੁੱਲਿਤ ਕਰਨ ਲਈ ਪਰਸਪਰ ਸਾਂਝ ਦਸਤਾਵੇਜ਼ ।

- ਦੋਵੇਂ ਸੰਸਥਾਵਾਂ ਦੋਹਾਂ ਧਰਾਤਲਾਂ 'ਤੇ ਸਾਹਿਤਕ ਸੰਵਾਦ ਕਰਨ-ਕਰਵਾਉਣ ਲਈ ਵਚਨਬੱਧ ਹੋਣਗੀਆਂ ਅਤੇ ਇਨ੍ਹਾਂ ਦਾ ਮੂਲ ਮਨੋਰਥ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨਾ ਹੋਵੇਗਾ ।
- ਸੈਮੀਨਾਰਾਂ ਦਾ ਆਯੋਜਨ ਕਰਨਾ ਅਤੇ ਪ੍ਰਬੁੱਧ ਖੋਜੀ ਚਿੰਤਕਾਂ / ਸਾਹਿਤਕ ਸ਼ਖਸੀਅਤਾਂ ਨੂੰ ਪਾਠਕਾਂ ਦੇ ਰੂ-ਬ-ਰੂ ਕਰਵਾਉਣਾ ਹੋਵੇਗਾ।
- ਦੋਵੇਂ ਸੰਸਥਾਵਾਂ ਸਾਹਿਤਕ ਸ਼ਖਸੀਅਤਾਂ ਦੇ ਮਾਣ-ਸਨਮਾਨ ਲਈ ਵਚਨਬੱਧ ਹੋਣਗੀਆਂ ।
- ਪਰਵਾਸੀ ਪੰਜਾਬੀ ਸਾਹਿਤ ਨਾਲ ਸਬੰਧਿਤ ਹੋ ਰਹੇ ਸਾਹਿਤਕ ਖੋਜ-ਕਾਰਜਾਂ ਦਾ ਅਧਿਅਨ, ਵਿਸ਼ਲੇਸ਼ਣ ਤੇ ਮੁੱਲਾਂਕਣ ਕਰਨਾ ਅਤੇ ਵਿਸ਼ਵ ਪੱਧਰ 'ਤੇ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਦਰਪੇਸ਼ ਨਵੀਆਂ ਚੁਣੌਤੀਆਂ ਤੇ ਸੰਭਾਵਨਾਵਾਂ ਨੂੰ ਉਭਾਰਨਾ ਹੋਵੇਗਾ।
- ਪਰਵਾਸੀ ਪੰਜਾਬੀ ਸਾਹਿਤ ਦੀਆਂ ਸਰਗਰਮੀਆਂ ਨੂੰ ਭਾਰਤ ਅਤੇ ਕੈਨੇਡਾ ਦੀਆਂ ਧਰਤੀਆਂ 'ਤੇ ਪ੍ਰਫੁੱਲਿਤ ਕਰਨ ਲਈ ਸਾਂਝੇ ਤੌਰ 'ਤੇ ਯਤਨ ਕੀਤੇ ਜਾਣਗੇ।

ਡਾ. ਸ.ਪ. ਸਿੰਘ
ਆਨਰੇਰੀ ਸਕੱਤਰ
ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ

ਡਾ. ਅਰਵਿੰਦਰ ਸਿੰਘ
ਪ੍ਰਿੰਸੀਪਲ
ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ


ਪ੍ਰੋ. ਗੁਰਭਜਨ ਗਿੱਲ
ਸਰਪ੍ਰਸਤ

ਸ. ਸੁੱਖੀ ਬਾਠ
ਸੰਸਥਾਪਕ
ਪੰਜਾਬ ਭਵਨ, ਸਰੀ (ਕੈਨੇਡਾ)

# ਪਰਸਪਰ ਸਾਂਝ ਦਸਤਾਵੇਜ



ਡਾ. ਸ. ਪ. ਸਿੰਘ ਤੇ ਸੁੱਖੀ ਬਾਠ ਪਰਸਪਰ ਸਾਂਝ ਦਸਤਾਵੇਜ ਦਸਤਖ਼ਤ ਕਰਦੇ ਹੋਏ



ਇਸ ਮੌਕੇ ਪ੍ਰੋ. ਗੁਰਭਜਨ ਸਿੰਘ ਗਿੱਲ, ਸੁੱਖੀ ਬਾਠ, ਡਾ. ਸ. ਪ. ਸਿੰਘ, ਪ੍ਰਿੰ. ਡਾ. ਅਰਵਿੰਦਰ ਸਿੰਘ, ਸ. ਭਗਵੰਤ ਸਿੰਘ, ਪ੍ਰੋ. ਮਨਜੀਤ ਸਿੰਘ ਛਾਬੜਾ

# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੇ ਡੈਲੀਗੇਟ ਪੰਜਾਬ ਭਵਨ ਸਰੀ (ਕੈਨੇਡਾ) ਕਾਨਫ਼ਰੰਸ ਵਿਚ ਪੇਪਰ ਪ੍ਰਸਤੁਤ ਕਰਦੇ ਹੋਏ



ਪ੍ਰੋ. ਮਨਜੀਤ ਸਿੰਘ ਛਾਬੜਾ



ਡਾ. ਸੁਸ਼ਮਿੰਦਰਜੀਤ ਕੌਰ



ਡਾ. ਹਰਗੁਣਜੋਤ ਕੌਰ



**ਪ੍ਰੋ. ਗੁਰਭਜਨ ਸਿੰਘ ਗਿੱਲ, ਸੁੱਖੀ ਬਾਠ ਅਤੇ ਡਾ. ਸੁਰਜੀਤ ਪਾਤਰ**




**ਕਵਿੰਦਰ ਚਾਂਦ, ਰਵਿੰਦਰ ਸਹਿਰਾਅ ਅਤੇ ਸੁੱਖੀ ਬਾਠ**





ਚੌਥੇ ਵਿਸ਼ਵ ਸੰਮੇਲਨ ਸਮੇਂ ਸੁੱਖੀ ਬਾਠ





ਸੁੱਖੀ ਬਾਠ ਆਪਣੇ ਪਰਿਵਾਰ ਨਾਲ

# ਪੰਜਾਬ ਭਵਨ ਦੇ ਸਹਿਯੋਗੀ


ਮੋਹਨ ਗਿੱਲ


ਜਰਨੈਲ ਸਿੰਘ ਸੇਖਾ


ਕਵਿੰਦਰ ਚਾਂਦ


ਡਾ. ਸਾਧੂ ਸਿੰਘ


ਜਰਨੈਲ ਸਿੰਘ ਚਿੱਤਰਕਾਰ


ਜੇ. ਮਿਨਹਾਸ


ਅੰਗਰੇਜ਼ ਬਰਾੜ


ਚਰਨ ਸਿੰਘ



ਅੰਮ੍ਰਿਤਪਾਲ ਸਿੰਘ ਮਾਨ


ਦੇਵਿੰਦਰ ਬੈਨੀਪਾਲ


ਇੰਦਰਜੀਤ ਧਾਮੀ


ਪ੍ਰੋ. ਰਣਜੀਤ ਸਿੰਘ ਸੰਧੂ

# ਪੰਜਾਬ ਭਵਨ ਸਥਾਪਨਾ ਦੇ ਮੋਢੀ




ਸੁੱਖੀ ਬਾਠ



ਪ੍ਰੋ. ਗੁਰਭਜਨ ਗਿੱਲ



ਡਾ. ਸ. ਪ. ਸਿੰਘ



ਡਾ. ਸੁਰਜੀਤ ਗਿੱਲ



ਕੁਲਦੀਪ ਗਿੱਲ



ਡਾ. ਗੁਲਜ਼ਾਰ ਸਿੰਘ ਵਿਲਿੰਗ



ਬਲਜੀਤ ਬੱਲੀ



ਹਰਜਿੰਦਰ ਥਿੰਦ



ਬਿੱਲਾ ਸੰਧੂ